2025 ਦਾ ਪੰਜਾਬ ਬਿੱਲ ਨੰ.....12-ਪੀ.ਐੱਸ. ਵੇ

ਪੰਜਾਬ ਰਾਜ ਵਿੱਚ ਇੱਕ ਯੂਨੀਵਰਸਿਟੀ ਸਥਾਪਤ ਕਰਨ ਅਤੇ ਸ਼ਾਮਲ ਕਰਨ ਲਈ ਇੱਕ ਬਿੱਲ ਜਿਸ ਨੂੰ ਰਿਆਤ ਬਾਹਰਾ ਪ੍ਰੋਫੈਸ਼ਨਲ ਯੂਨੀਵਰਸਿਟੀ, ਹੁਸ਼ਿਆਰਪੁਰ ਵਜੋਂ ਜਾਣਿਆ ਜਾਵੇਗਾ, ਜਿਸ ਦਾ ਉਦੇਸ਼ ਇੰਜੀਨੀਅਰਿੰਗ, ਮੈਡੀਕਲ, ਪੈਰਾ ਮੈਡੀਕਲ, ਵਿਗਿਆਨ, ਸਮਾਜ ਵਿਗਿਆਨ, ਜੀਵਨ ਵਿਗਿਆਨ, ਮਨੁੱਖਤਾ, ਉਦਾਰਵਾਦੀ ਕਲਾ, ਪ੍ਰਬੰਧਨ, ਈ-ਲਰਨਿੰਗ, ਅਤੇ ਔਨਲਾਈਨ ਸਿੱਖਿਆ ਅਤੇ ਸਿਖਲਾਈ ਸਮੇਤ ਉਚੇਰੀ ਸਿੱਖਿਆ ਦੇ ਸਾਰੇ ਪੱਧਰਾਂ 'ਤੇ ਹਦਾਇਤਾਂ, ਅਧਿਆਪਨ, ਸਿੱਖਿਆ, ਖੋਜ, ਸਿਖਲਾਈ ਅਤੇ ਸੰਬੰਧਿਤ ਗਤੀਵਿਧੀਆਂ ਪ੍ਰਦਾਨ ਕਰਨ ਅਤੇ ਇਸ ਨਾਲ ਜੁੜੇ ਅਤੇ/ਜਾਂ ਇਸ ਨਾਲ ਸੰਬੰਧਿਤ ਮਾਮਲਿਆਂ ਲਈ ਪ੍ਰਬੰਧ ਕਰਨਾ ਹੈ;

ਕਿਉਂਕਿ ਰਿਆਤ ਬਾਹਰਾ ਗਰੁੱਪ ਆਫ਼ ਇੰਸਟੀਚਿਊਟਸ, ਜੋ ਕਿ ਸੋਸਾਇਟੀਜ਼ ਰਜਿਸਟ੍ਰੇਸ਼ਨ ਐਕਟ, 1860 (1860 ਦਾ ਕੇਂਦਰੀ ਐਕਟ ਨੰ. XXI) ਦੇ ਉਪਬੰਧਾਂ ਅਧੀਨ ਇੱਕ ਵਿਦਿਅਕ ਅਤੇ ਚੈਰੀਟੇਬਲ ਸੋਸਾਇਟੀ ਹੈ, ਨੇ ਪੰਜਾਬ ਪ੍ਰਾਈਵੇਟ ਯੂਨੀਵਰਸਿਟੀਜ਼ ਨੀਤੀ, 2010 ਦੇ ਆਧਾਰ 'ਤੇ ਪੰਜਾਬ ਰਾਜ ਵਿੱਚ ਇੱਕ ਸਵੈ-ਵਿੱਤ ਯੂਨੀਵਰਸਿਟੀ ਸਥਾਪਤ ਕਰਨ ਲਈ ਰਾਜ ਸਰਕਾਰ ਨੂੰ ਇੱਕ ਤਜਵੀਜ਼ ਦਿੱਤੀ ਹੈ, ਤਾਂ ਜੋ ਸਾਰੇ ਪੱਧਰਾਂ 'ਤੇ ਉਚੇਰੀ ਸਿੱਖਿਆ ਦੀਆਂ ਸਾਰੀਆਂ ਸਟ੍ਰੀਮਾਂ ਲਈ ਪ੍ਰਬੰਧ ਕੀਤੇ ਜਾ ਸਕਣ;

ਕਿਉਂਕਿ ਰਾਜ ਸਰਕਾਰ, ਉਪਰੋਕਤ ਸੋਸਾਇਟੀ ਦੀ ਉਕਤ ਤਜਵੀਜ਼ 'ਤੇ ਵਿਚਾਰ ਕਰਨ ਤੋਂ ਬਾਅਦ ਇਸ ਸਿੱਟੇ 'ਤੇ ਪਹੁੰਚੀ ਹੈ ਕਿ ਉਕਤ ਸੋਸਾਇਟੀ ਯੂਨੀਵਰਸਿਟੀ ਦੀ ਸਥਾਪਨਾ ਅਤੇ ਸੰਚਾਲਨ ਕਰਨ ਦੇ ਸਮਰੱਥ ਹੈ ਅਤੇ ਇਸ ਅਨੁਸਾਰ ਉਕਤ ਪ੍ਰਾਈਵੇਟ ਯੂਨੀਵਰਸਿਟੀ ਦੀ ਸਥਾਪਨਾ ਲਈ ਉਸਦੀ ਤਜਵੀਜ਼ ਨੂੰ ਸਵੀਕਾਰ ਕਰ ਲਿਆ ਹੈ;

ਅਤੇ ਕਿਉਂਕਿ ਉਪਰੋਕਤ ਹਾਲਾਤਾਂ ਦੇ ਮੱਦੇਨਜ਼ਰ, ਉੱਪਰ ਦੱਸੇ ਗਏ ਉਦੇਸ਼ਾਂ ਲਈ ਰਿਆਤ ਬਾਹਰਾ ਪ੍ਰੋਫੈਸ਼ਨਲ ਯੂਨੀਵਰਸਿਟੀ, ਹੁਸ਼ਿਆਰਪੁਰ ਦੀ ਸਥਾਪਨਾ ਕਰਨਾ ਉਚਿਤ ਸਮਝਿਆ ਜਾਂਦਾ ਹੈ।

ਇਸ ਨੂੰ ਭਾਰਤ ਗਣਰਾਜ ਦੇ ਛਿਅੱਤਰਵੇਂ ਸਾਲ ਵਿੱਚ ਪੰਜਾਬ ਰਾਜ ਦੀ ਵਿਧਾਨ ਸਭਾ ਦੁਆਰਾ ਹੇਠ ਲਿਖੇ ਅਨੁਸਾਰ ਲਾਗੂ ਕੀਤਾ ਜਾਵੇ-

| | |
|---|---|
| ਸੰਖੇਪ ਸਿਰਲੇਖ ਅਤੇ ਸ਼ੁਰੂਆਤ | 1. (1) ਇਸ ਐਕਟ ਨੂੰ ਰਿਆਤ ਬਾਹਰਾ ਪ੍ਰੋਫੈਸ਼ਨਲ ਯੂਨੀਵਰਸਿਟੀ, ਹੁਸ਼ਿਆਰਪੁਰ ਐਕਟ, 2025 ਕਿਹਾ ਜਾਵੇਗਾ।<br>(2) ਇਹ ਸਰਕਾਰੀ ਗਜ਼ਟ ਵਿੱਚ ਪ੍ਰਕਾਸ਼ਤ ਹੋਣ ਦੀ ਮਿਤੀ ਤੋਂ ਲਾਗੂ ਅਤੇ ਪ੍ਰਭਾਵੀ ਹੋਵੇਗਾ। |
| ਪਰਿਭਾਸ਼ਾਵਾਂ | 2. ਇਸ ਐਕਟ ਵਿੱਚ, ਜਦੋਂ ਤੱਕ ਕਿ ਹੋਰਵੇਂ ਪ੍ਰਸੰਗ ਲੋੜੀਂਦੇ ਨਾ ਹੋਣ,-<br>(a) 'ਅਕਾਦਮਿਕ ਕੌਂਸਲ' ਦਾ ਅਰਥ ਹੈ ਯੂਨੀਵਰਸਿਟੀ ਦੀ ਅਕਾਦਮਿਕ ਕੌਂਸਲ;<br>(b) 'ਅਥਾਰਟੀਆਂ' ਦਾ ਅਰਥ ਹੈ ਯੂਨੀਵਰਸਿਟੀ ਦੀਆਂ ਅਥਾਰਟੀਆਂ;<br>(c) 'ਮੈਨੇਜਮੈਂਟ ਬੋਰਡ' ਦਾ ਅਰਥ ਹੈ ਯੂਨੀਵਰਸਿਟੀ ਦਾ ਮੈਨੇਜਮੈਂਟ ਬੋਰਡ;<br>(d) 'ਸਟੱਡੀਜ਼ ਬੋਰਡ' ਦਾ ਅਰਥ ਹੈ ਗਵਰਨਿੰਗ ਬਾਡੀ ਦੁਆਰਾ ਗਠਿਤ ਕੀਤੀ ਜਾਣ ਵਾਲੀ ਸੰਸਥਾ ;<br>(e) 'ਕੈਂਪਸ' ਦਾ ਅਰਥ ਹੈ ਇੱਕ ਨੇੜਲਾ ਖੇਤਰ ਹੈ ਜਿਸ ਦੇ ਅੰਦਰ ਯੂਨੀਵਰਸਿਟੀ ਸਥਿਤ ਹੈ;<br>(f) 'ਚੇਅਰਪਰਸਨ' ਦਾ ਅਰਥ ਹੈ ਸੁਸਾਇਟੀ ਦਾ ਚੇਅਰਪਰਸਨ;<br>(g) 'ਚਾਂਸਲਰ' ਦਾ ਅਰਥ ਹੈ ਯੂਨੀਵਰਸਿਟੀ ਦਾ ਚਾਂਸਲਰ;<br>(h) 'ਮੁੱਖ ਵਿੱਤ ਅਤੇ ਲੇਖਾ ਅਧਿਕਾਰੀ' ਦਾ ਅਰਥ ਹੈ ਯੂਨੀਵਰਸਿਟੀ ਦਾ ਮੁੱਖ ਵਿੱਤ ਅਤੇ ਲੇਖਾ ਅਧਿਕਾਰੀ ;<br>(i) 'ਡੀਨ' ਦਾ ਅਰਥ ਹੈ ਯੂਨੀਵਰਸਿਟੀ ਦਾ ਡੀਨ;<br>(j) 'ਵਿੱਤ ਕਮੇਟੀ' ਦਾ ਅਰਥ ਹੈ ਯੂਨੀਵਰਸਿਟੀ ਦੀ ਵਿੱਤ ਕਮੇਟੀ;<br>(k) 'ਗਵਰਨਿੰਗ ਬਾਡੀ' ਦਾ ਅਰਥ ਹੈ ਯੂਨੀਵਰਸਿਟੀ ਦੀ ਗਵਰਨਿੰਗ ਬਾਡੀ;<br>(l) 'ਸੰਸਥਾ' ਦਾ ਅਰਥ ਹੈ ਕੋਈ ਵੀ ਸੰਸਥਾ ਜਾਂ ਕਾਲਜ ਜਾਂ ਅਕਾਦਮਿਕ ਕੇਂਦਰ (ਜਿਸ ਵੀ ਨਾਮ ਨਾਲ ਇਸਨੂੰ ਬੁਲਾਇਆ ਜਾਂਦਾ ਹੈ) ਜੋ ਯੂਨੀਵਰਸਿਟੀ ਦੁਆਰਾ ਕੈਂਪਸ ਦੇ ਅੰਦਰ ਸਥਾਪਿਤ, ਚਲਾਇਆ, ਪ੍ਰਬੰਧਿਤ, ਮਾਨਤਾ ਪ੍ਰਾਪਤ ਜਾਂ ਗਠਿਤ ਕੀਤਾ ਗਿਆ ਹੈ;<br>(m) 'ਨਿਰਧਾਰਤ' ਦਾ ਅਰਥ ਹੈ ਕਾਨੂੰਨਾਂ, ਆਰਡੀਨੈਂਸਾਂ ਅਤੇ ਨਿਯਮਾਂ ਦੁਆਰਾ ਨਿਰਧਾਰਤ;<br>(n) 'ਰਜਿਸਟਰਾਰ' ਦਾ ਅਰਥ ਹੈ ਯੂਨੀਵਰਸਿਟੀ ਦਾ ਰਜਿਸਟਰਾਰ;<br>(O) 'ਸੁਸਾਇਟੀ' ਦਾ ਅਰਥ ਹੈ ਰਿਆਤ ਬਾਹਰਾ ਗਰੁੱਪ ਆਫ਼ ਇੰਸਟੀਚਿਊਟਸ, ਸੋਸਾਇਟੀਜ਼ ਰਜਿਸਟ੍ਰੇਸ਼ਨ ਐਕਟ, 1860 (1860 ਦਾ ਕੇਂਦਰੀ ਐਕਟ ਨੰ. XXI) ਦੇ ਉਪਬੰਧਾਂ ਅਧੀਨ ਰਜਿਸਟਰਡ ਇੱਕ ਵਿਦਿਅਕ ਅਤੇ ਚੈਰੀਟੇਬਲ ਸੁਸਾਇਟੀ;<br>(p) 'ਰਾਜ ਸਰਕਾਰ' ਦਾ ਅਰਥ ਹੈ ਪੰਜਾਬ ਰਾਜ ਦੀ ਸਰਕਾਰ; |

| | |
|---|---|
| | (q) 'ਕਾਨੂੰਨ', 'ਆਰਡੀਨੈਂਸ' ਅਤੇ 'ਨਿਯਮ' ਦਾ ਅਰਥ ਹੈ ਯੂਨੀਵਰਸਿਟੀ ਦੇ ਕਾਨੂੰਨ, ਆਰਡੀਨੈਂਸ ਅਤੇ ਨਿਯਮ ਜੋ ਇਸ ਐਕਟ ਅਧੀਨ ਬਣਾਏ ਗਏ ਹਨ;<br>(r) 'ਅਧਿਆਪਕ' ਵਿੱਚ ਪ੍ਰੋਫੈਸਰ, ਐਸੋਸੀਏਟ ਪ੍ਰੋਫੈਸਰ, ਸਹਾਇਕ ਪ੍ਰੋਫੈਸਰ, ਅਤੇ ਕੋਈ ਵੀ ਅਜਿਹਾ ਵਿਅਕਤੀ ਸ਼ਾਮਲ ਹੈ, ਜੋ ਯੂਨੀਵਰਸਿਟੀ ਜਾਂ ਇਸਦੇ ਕਿਸੇ ਵੀ ਸੰਸਥਾਨ ਅਤੇ ਕੇਂਦਰ ਵਿੱਚ ਸਿੱਖਿਆ ਦਿੰਦਾ ਹੈ;<br>(s) 'ਯੂਨੀਵਰਸਿਟੀ' ਦਾ ਅਰਥ ਹੈ ਰਿਆਤ ਬਾਹਰਾ ਪ੍ਰੋਫੈਸ਼ਨਲ ਯੂਨੀਵਰਸਿਟੀ, ਹੁਸ਼ਿਆਰਪੁਰ, ਜੋ ਇਸ ਐਕਟ ਦੀ ਧਾਰਾ 3 ਅਧੀਨ ਸਥਾਪਿਤ ਕੀਤੀ ਗਈ ਹੈ;<br>(t) 'ਵਾਈਸ-ਚਾਂਸਲਰ' ਦਾ ਅਰਥ ਹੈ ਯੂਨੀਵਰਸਿਟੀ ਦਾ ਵਾਈਸ-ਚਾਂਸਲਰ; ਅਤੇ<br>(u) 'ਵਿਜ਼ਿਟਰ' ਦਾ ਅਰਥ ਹੈ ਯੂਨੀਵਰਸਿਟੀ ਦਾ ਵਿਜ਼ਿਟਰ। |
| ਯੂਨੀਵਰਸਿਟੀ ਦੀ ਸਥਾਪਨਾ। | 3. (1) ਪੰਜਾਬ ਰਾਜ ਵਿੱਚ ਰਿਆਤ ਬਾਹਰਾ ਪ੍ਰੋਫੈਸ਼ਨਲ ਯੂਨੀਵਰਸਿਟੀ, ਹੁਸ਼ਿਆਰਪੁਰ ਦੇ ਨਾਮ ਨਾਲ ਇੱਕ ਪ੍ਰਾਈਵੇਟ ਯੂਨੀਵਰਸਿਟੀ ਸਥਾਪਿਤ ਕੀਤੀ ਜਾਵੇਗੀ।<br>(2) ਯੂਨੀਵਰਸਿਟੀ ਨੂੰ ਇਸ ਐਕਟ ਦੇ ਉਪਬੰਧਾਂ ਦੇ ਅਨੁਸਾਰ ਸੋਸਾਇਟੀ ਦੁਆਰਾ ਚਲਾਇਆ ਅਤੇ ਪ੍ਰਬੰਧਿਤ ਕੀਤਾ ਜਾਵੇਗਾ।<br>(3) ਯੂਨੀਵਰਸਿਟੀ ਉਪ-ਧਾਰਾ (1) ਵਿੱਚ ਦੱਸੇ ਗਏ ਨਾਮ ਨਾਲ ਇੱਕ ਕਾਰਪੋਰੇਟ ਸੰਸਥਾ ਹੋਵੇਗੀ ਅਤੇ ਇਸਦਾ ਸਥਾਈ ਉੱਤਰਾਧਿਕਾਰ ਅਤੇ ਇੱਕ ਸਾਂਝੀ ਮੋਹਰ ਹੋਵੇਗੀ। ਇਸ ਕੋਲ ਚੱਲ ਅਤੇ ਅਚੱਲ ਦੋਵੇਂ ਤਰ੍ਹਾਂ ਦੀ ਜਾਇਦਾਦ ਪ੍ਰਾਪਤ ਕਰਨ, ਲੀਜ਼ 'ਤੇ ਰੱਖਣ, ਕਬਜ਼ਾ ਰੱਖਣ, ਗਿਰਵੀ ਰੱਖਣ ਅਤੇ ਨਿਪਟਾਰੇ ਦੀ ਸ਼ਕਤੀ ਹੋਵੇਗੀ, ਅਤੇ ਇਕਰਾਰਨਾਮੇ ਕਰਨ ਦੀ ਸ਼ਕਤੀ ਹੋਵੇਗੀ, ਅਤੇ ਉਕਤ ਨਾਮ ਨਾਲ ਮੁਕੱਦਮਾ ਕਰ ਸਕੇਗੀ ਅਤੇ ਇਸ ਤੇ ਮੁਕੱਦਮਾ ਕੀਤਾ ਜਾ ਸਕੇਗਾ।<br>(4) ਯੂਨੀਵਰਸਿਟੀ ਦਾ ਮੁੱਖ ਦਫਤਰ ਪਿੰਡ ਬੋਹਨ, ਚੰਡੀਗੜ੍ਹ ਰੋਡ, ਜ਼ਿਲ੍ਹਾ ਹੁਸ਼ਿਆਰਪੁਰ, ਪੰਜਾਬ ਵਿਖੇ ਸਥਿਤ ਹੋਵੇਗਾ।<br>(5) ਯੂਨੀਵਰਸਿਟੀ ਆਪਣੀ ਫਾਈਨਾਂਸਿੰਗ ਖੁਦ ਕਰੇਗੀ ਅਤੇ ਇਸ ਨੂੰ ਰਾਜ ਸਰਕਾਰ ਤੋਂ ਕੋਈ ਗ੍ਰਾਂਟ ਜਾਂ ਹੋਰ ਵਿੱਤੀ ਸਹਾਇਤਾ ਪ੍ਰਾਪਤ ਕਰਨ ਦਾ ਅਧਿਕਾਰ ਨਹੀਂ ਹੋਵੇਗਾ। |
| ਯੂਨੀਵਰਸਿਟੀ ਦੇ ਉਦੇਸ਼। | 4. ਯੂਨੀਵਰਸਿਟੀ ਦੇ ਉਦੇਸ਼ ਹੋਣਗੇ, -<br>(i) ਉਦਯੋਗ ਅਤੇ ਸਮਾਜ ਦੀਆਂ ਆਮ ਜ਼ਰੂਰਤਾਂ ਦੇ ਅਨੁਸਾਰ, ਜਿਵੇਂ ਕਿ ਯੂਨੀਵਰਸਿਟੀ ਦੁਆਰਾ ਲੋੜੀਂਦਾ ਸਮਝਿਆ ਜਾਵੇ, ਰਾਜ ਜਾਂ ਕੇਂਦਰੀ ਕਾਨੂੰਨ ਦੇ ਅਧੀਨ ਅਤੇ ਸਬੰਧਤ ਰੈਗੂਲੇਟਰੀ ਅਥਾਰਟੀ ਦੀ ਪ੍ਰਵਾਨਗੀ ਨਾਲ ਉਚੇਰੀ ਸਿੱਖਿਆ ਦੇ ਸਾਰੇ ਖੇਤਰਾਂ ਵਿੱਚ ਸਾਰੇ ਪੱਧਰਾਂ 'ਤੇ ਨਿਰਦੇਸ਼, ਅਧਿਆਪਨ, ਸਿੱਖਿਆ, ਖੋਜ ਅਤੇ ਸਿਖਲਾਈ ਪ੍ਰਦਾਨ ਕਰਨਾ ਜਿਸ ਵਿੱਚ ਪੇਸ਼ੇਵਰ, ਇੰਜੀਨੀਅਰਿੰਗ, ਮੈਡੀਕਲ, ਪੈਰਾ-ਮੈਡੀਕਲ, ਭਾਰਤੀ ਚਿਕਿਤਸਾ ਪ੍ਰਣਾਲੀ, ਤਕਨੀਕੀ, ਆਮ ਸਿੱਖਿਆ, ਮਨੁੱਖਤਾ, ਸਮਾਜਿਕ ਵਿਗਿਆਨ, ਜੀਵਨ ਵਿਗਿਆਨ, ਪ੍ਰਬੰਧਨ, ਈ-ਲਰਨਿੰਗ, ਅਤੇ ਕਿਸੇ ਵੀ ਹੋਰ ਸਟ੍ਰੀਮ ਅਤੇ ਵਿਸ਼ੇ ਵਿੱਚ ਔਨਲਾਈਨ ਸਿੱਖਿਆ ਅਤੇ ਸਿਖਲਾਈ ਸ਼ਾਮਲ ਹੈ ;<br>(ii) ਪੇਂਡੂ ਵਿਦਿਆਰਥੀਆਂ ਦੀਆਂ ਅਕਾਦਮਿਕ ਇੱਛਾਵਾਂ ਨੂੰ ਉਤਸ਼ਾਹਿਤ ਕਰਨਾ;<br>(iii) ਉਦਯੋਗ-ਅਧਾਰਿਤ ਸਿੱਖਿਆ, ਸਿਖਲਾਈ ਅਤੇ ਖੋਜ ਵਿਸਥਾਰ ਪ੍ਰੋਗਰਾਮ ਸ਼ੁਰੂ ਕਰਨਾ ਅਤੇ ਸਮਾਜ ਦੇ ਵਿਕਾਸ ਵਿੱਚ ਯੋਗਦਾਨ ਪਾਉਣ ਦੇ ਉਦੇਸ਼ ਨਾਲ ਰੁਜ਼ਗਾਰ ਯੋਗ ਹੁਨਰ ਪ੍ਰਦਾਨ ਕਰਨਾ;<br>(iv) ਗਿਆਨ, ਬੁੱਧੀ ਅਤੇ ਸਮਝ ਦੀ ਖੋਜ, ਸਿਰਜਣਾ, ਤਰੱਕੀ ਅਤੇ ਪ੍ਰਸਾਰ ਪ੍ਰਦਾਨ ਕਰਨਾ;<br>(v)ਅਕਾਦਮਿਕ ਉਦਯੋਗ ਗਠ ਜੋੜ ਲਈ ਕੈਂਪਸ ਵਿੱਚ ਆਪਣੇ ਸਬੰਧਤ ਕਾਰਪੋਰੇਟ ਸੰਸਥਾਨ ਸਥਾਪਤ ਕਰਨ ਲਈ ਮੋਹਰੀ ਉਦਯੋਗਿਕ ਘਰਾਣਿਆਂ ਨੂੰ ਉਤਸ਼ਾਹਿਤ ਅਤੇ ਪ੍ਰੇਰਿਤ ਕਰਨਾ;<br>(vi) ਗਿਆਨ ਦਾ ਪ੍ਰਸਾਰ ਕਰਨਾ ਤਾਂ ਜੋ ਇਸ ਨੂੰ ਸਮਾਜ ਦੇ ਸਾਰੇ ਵਰਗਾਂ ਲਈ ਪਹੁੰਚਯੋਗ ਬਣਾਇਆ ਜਾ ਸਕੇ;<br>(vii) ਪੰਜਾਬੀ ਅਧਿਐਨ ਨੂੰ ਉਤਸ਼ਾਹਿਤ ਕਰਨਾ, ਪੰਜਾਬੀ ਭਾਸ਼ਾ ਅਤੇ ਸਾਹਿਤ ਵਿੱਚ ਖੋਜ ਦਾ ਪ੍ਰਬੰਧ ਕਰਨਾ ਅਤੇ ਪੰਜਾਬੀ ਭਾਸ਼ਾ, ਸਾਹਿਤ ਅਤੇ ਸੱਭਿਆਚਾਰ ਦੇ ਵਿਕਾਸ ਲਈ ਉਪਾਅ ਕਰਨਾ;<br>(viii) ਰਾਜ ਸਰਕਾਰ ਦੀ ਪ੍ਰਵਾਨਗੀ ਨਾਲ, ਪ੍ਰਚਲਿਤ ਨਿਯਮਾਂ ਦੇ ਅਨੁਸਾਰ ਆਪਣੇ ਅਧਿਕਾਰ ਖੇਤਰ ਦੇ ਅੰਦਰ ਅਧਿਐਨ ਕੇਂਦਰ, ਕੈਂਪਸ, ਕੇਂਦਰ ਖੋਲ੍ਹਣਾ;<br>(ix) ਯੂਨੀਵਰਸਿਟੀ ਗ੍ਰਾਂਟਸ ਕਮਿਸ਼ਨ ਜਾਂ ਕੇਂਦਰ ਸਰਕਾਰ ਦੁਆਰਾ ਬਣਾਈ ਗਈ ਇਸਦੇ ਬਰਾਬਰ ਦੀ ਸੰਸਥਾ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ, ਅਤੇ ਰਾਜ ਸਰਕਾਰ ਦੀ ਪ੍ਰਵਾਨਗੀ ਨਾਲ, ਆਫ-ਕੈਂਪਸ ਸੈਂਟਰ, ਆਫ-ਸ਼ੋਰ ਕੈਂਪਸ, ਸਟੱਡੀ ਸੈਂਟਰ ਅਤੇ ਜ਼ੋਨਲ ਜਾਂ ਖੇਤਰੀ ਸੈਂਟਰ ਸਥਾਪਤ ਕਰਨਾ; ਅਤੇ |

| | |
|---|---|
| | (x) ਯੂਨੀਵਰਸਿਟੀ ਦੇ ਉਦੇਸ਼ਾ ਨੂੰ ਅੱਗੇ ਵਧਾਉਣ ਲਈ ਜ਼ਰੂਰੀ ਜਾ ਲੋੜੀਂਦੇ ਸਾਰੇ ਕੰਮ ਕਰਨਾ। |
| ਯੂਨੀਵਰਸਿਟੀ ਦੀਆਂ ਸ਼ਕਤੀਆਂ ਅਤੇ ਕਾਰਜ | 5.ਯੂਨੀਵਰਸਿਟੀ ਕੋਲ ਹੇਠ ਲਿਖੇ ਅਧਿਕਾਰ ਅਤੇ ਕਾਰਜ ਹੋਣਗੇ, ਜਿਨ੍ਹਾਂ ਦੀ ਵਰਤੋਂ ਅਤੇ ਜਿਨ੍ਹਾਂ ਨੂੰ ਇਸਦੇ ਅਧਿਕਾਰੀਆਂ ਅਤੇ ਅਥਾਰਟੀਆਂ ਦੁਆਰਾ ਕੀਤਾ ਜਾਵੇਗਾ, ਅਰਥਾਤ:-<br>(i) ਸਿੱਖਿਆ ਪ੍ਰਦਾਨ ਕਰਨਾ ਅਤੇ ਸਿੱਖਿਆ ਦੇ ਵੱਖ-ਵੱਖ ਖੇਤਰਾਂ ਵਿੱਚ ਹਦਾਇਤਾਂ ਦੇਣ ਦਾ ਪ੍ਰਬੰਧ ਕਰਨਾ ਅਤੇ, ਅਜਿਹੀਆਂ ਸ਼ਰਤਾਂ ਦੇ ਅਧੀਨ ਰਹਿੰਦੇ ਹੋਏ ਜੋ ਯੂਨੀਵਰਸਿਟੀ ਨਿਰਧਾਰਤ ਕਰੇ, ਵਿਅਕਤੀਆਂ ਨੂੰ ਪ੍ਰੀਖਿਆਵਾਂ, ਮੁਲਾਂਕਣ ਜਾਂ ਕਿਸੇ ਹੋਰ ਜਾਂਚ ਵਿਧੀ ਦੇ ਆਧਾਰ 'ਤੇ ਡਿਗਰੀਆਂ, ਡਿਪਲੋਮੇ, ਸਰਟੀਫਿਕੇਟ ਜਾ ਹੋਰ ਅਕਾਦਮਿਕ ਸਨਮਾਨ ਦੇਣਾ ਜਾਂ ਮਨਜ਼ੂਰ ਕਰਨਾ, ਅਤੇ ਕਿਸੇ ਚੰਗੇ ਅਤੇ ਢੁਕਵੇਂ ਕਾਰਨ ਕਰਕੇ ਅਜਿਹੀ ਕਿਸੇ ਵੀ ਡਿਗਰੀ, ਡਿਪਲੋਮਾ, ਸਰਟੀਫਿਕੇਟ ਜਾਂ ਹੋਰ ਅਕਾਦਮਿਕ ਸਨਮਾਨ ਨੂੰ ਵਾਪਸ ਲੈਣਾ;<br>(ii) ਕੋਰਸਾਂ ਨੂੰ ਸ਼ੁਰੂ ਕਰਨ, ਅਧਿਆਪਨ , ਸਿਖਲਾਈ , ਖੋਜ , ਸਲਾਹ-ਮਸ਼ਵਰਾ ਦੇਣ ਅਤੇ ਕੋਰਸਾਂ ਨਾਲ ਸਬੰਧਤ ਮਾਨਤਾ ਦੇਣ ਦੇ ਸਬੰਧ ਵਿੱਚ ਪ੍ਰਬੰਧ ਕਰਨੇ ਅਤੇ ਸਾਰੇ ਉਪਾਅ ਅਪਣਾਉਣੇ, ਜਿਸ ਵਿੱਚ ਰਵਾਇਤੀ ਦੇ ਨਾਲ-ਨਾਲ ਨਵੇਂ ਨਵੀਨਤਾਕਾਰੀ ਢੰਗਾਂ , ਜਿਵੇਂ ਕਿ ਆਨਲਾਈਨ ਸਿੱਖਿਆ ਦੇ ਢੰਗਾਂ ਰਾਹੀਂ ਪਾਠਕ੍ਰਮ ਨੂੰ ਅਪਣਾਉਣਾ ਅਤੇ ਅੱਪਡੇਟ ਕਰਨਾ ਸ਼ਾਮਲ ਹੈ;<br>(iii) ਵਿਦਿਅਕ ਕਾਰਜਕ੍ਰਮਾਂ ਅਤੇ ਵਿਸਥਾਰ ਸੇਵਾਵਾਂ ਦਾ ਆਯੋਜਨ ਅਤੇ ਸੰਚਾਲਨ ਕਰਨਾ;<br>(iv) ਪੋਸਟ ਡਾਕਟਰੇਟ, ਡਾਕਟਰੇਟ, ਮਾਸਟਰਜ਼, ਡਿਗਰੀਆਂ, ਡਿਪਲੋਮੇ ਅਤੇ ਸਰਟੀਫਿਕੇਟ ਦੇਣ ਜਾਂ ਪ੍ਰਦਾਨ ਕਰਨ ਲਈ ਪ੍ਰੀਖਿਆਵਾਂ ਕਰਵਾਉਣਾ;<br>(v) ਪਰਸਪਰ ਆਧਾਰ 'ਤੇ ਦੂਜੀਆਂ ਯੂਨੀਵਰਸਿਟੀਆ ਦੇ ਮੁਕਾਬਲੇ ਦੋਹਰੀ ਡਿਗਰੀ, ਡਿਪਲੋਮਾ ਜਾਂ ਸਰਟੀਫਿਕੇਟ ਪ੍ਰਦਾਨ ਕਰਨਾ;<br>(vi) ਆਨਰੇਰੀ ਡਿਗਰੀਆਂ ਅਤੇ ਹੋਰ ਵਿਸ਼ੇਸ਼ ਸਨਮਾਨਾਂ ਦੀ ਸਥਾਪਨਾ ਅਤੇ ਪ੍ਰਦਾਨ ਕਰਨਾ, ਜਿਵੇਂ ਕਿ ਨਿਰਧਾਰਤ ਕੀਤਾ ਜਾ ਸਕਦਾ ਹੈ;<br>(vii) ਯੂਨੀਵਰਸਿਟੀ ਦੁਆਰਾ ਨਿਰਧਾਰਤ ਕੀਤੇ ਅਨੁਸਾਰ ਈ-ਲੀਜ਼ਿੰਗ ਅਤੇ ਔਨਲਾਈਨ ਸਿੱਖਿਆ ਪ੍ਰੋਗਰਾਮਾਂ ਦਾ ਸੰਚਾਲਨ ਕਰਨਾ;<br>(viii) ਕਿਸੇ ਹੋਰ ਮਾਨਤਾ ਪ੍ਰਾਪਤ ਯੂਨੀਵਰਸਿਟੀ, ਬੋਰਡ ਜਾਂ ਕੋਸਲ ਜਾਂ ਕਿਸੇ ਹੋਰ ਸਮਰੱਥ ਅਥਾਰਟੀ ਤੋਂ ਅੰਸ਼ਕ ਜਾਂ ਪੂਰੀ ਤਰ੍ਹਾਂ ਆਪਣੇ ਕੋਰਸ ਪੂਰੇ ਕਰਨ ਵਾਲੇ ਵਿਦਿਆਰਥੀਆਂ ਦੀਆਂ ਡਿਗਰੀਆਂ, ਡਿਪਲੋਮੇ ਅਤੇ ਸਰਟੀਫਿਕੇਟਾਂ ਦੇ ਬਰਾਬਰਤਾ ਦਾ ਪ੍ਰਬੰਧ ਕਰਨਾ;<br>(ix) ਪ੍ਰੋਫੈਸਰ, ਐਸੋਸੀਏਟ ਪ੍ਰੋਫੈਸਰ , ਅਸਿਸਟੈਂਟ ਪ੍ਰੋਫੈਸਰ , ਜਾਂ ਕੋਈ ਹੋਰ ਬਰਾਬਰ ਦਾ ਅਹੁਦਾ ਸਥਾਪਤ ਕਰਨਾ ਅਤੇ ਪ੍ਰਦਾਨ ਕਰਨਾ, ਜਿਵੇਂ ਕਿ ਯੂਨੀਵਰਸਿਟੀ ਨੂੰ ਆਪਣੇ ਕੈਂਪਸਾ ਜਾਂ ਸੰਸਥਾਵਾਂ ਵਿੱਚ ਲੋੜ ਹੋਵੇ, ਅਤੇ ਵਿਅਕਤੀਆਂ ਨੂੰ ਅਜਿਹੇ ਅਹੁਦਿਆਂ 'ਤੇ ਨਿਯੁਕਤ ਕਰਨਾ;<br>(x) ਅਕਾਦਮਿਕ, ਪ੍ਰਸ਼ਾਸਕੀ, ਮਨਿਸਟ੍ਰੀਅਲ, ਤਕਨੀਕੀ ਅਤੇ ਹੋਰ ਅਸਾਮੀਆਂ ਬਣਾਉਣ ਅਤੇ ਉਨ੍ਹਾਂ 'ਤੇ ਨਿਯੁਕਤੀਆਂ ਕਰਨ ਲਈ;<br>(xi) ਕਿਸੇ ਹੋਰ ਯੂਨੀਵਰਸਿਟੀ ਜਾਂ ਸੰਸਥਾਵਾਂ ਜਾਂ ਸੰਗਠਨਾਂ ਵਿੱਚ ਕੰਮ ਕਰਨ ਵਾਲੇ ਵਿਅਕਤੀਆਂ ਨੂੰ ਸਥਾਈ ਤੌਰ 'ਤੇ ਜਾਂ ਇੱਕ ਨਿਸ਼ਚਿਤ ਸਮੇਂ ਲਈ ਨਿਯੁਕਤ ਕਰਨਾ;<br>(xii) ਕਿਸੇ ਹੋਰ ਯੂਨੀਵਰਸਿਟੀ ਜਾਂ ਅਥਾਰਟੀ ਜਾਂ ਸੰਸਥਾ ਨਾਲ ਉਸ ਢੰਗ ਨਾਲ ਅਤੇ ਉਸ ਉਦੇਸ਼ ਲਈ ਸਹਿਯੋਗ, ਸਾਂਝੇਦਾਰੀ ਜਾਂ ਤਾਲਮੇਲ ਕਰਨਾ, ਜਿਵੇਂ ਕਿ ਯੂਨੀਵਰਸਿਟੀ ਨਿਰਧਾਰਤ ਕਰੇ;<br>(xiii) ਯੂਨੀਵਰਸਿਟੀ ਦੁਆਰਾ ਆਪਣੇ ਕੈਂਪਸ ਦੇ ਅੰਦਰ ਆਪਣੇ ਉਦੇਸ਼ਾਂ ਨੂੰ ਅੱਗੇ ਵਧਾਉਣ ਲਈ ਨਿਰਧਾਰਤ ਕੀਤੇ ਅਨੁਸਾਰ ਅਧਿਐਨ ਕੇਂਦਰਾ, ਪ੍ਰੀਖਿਆ ਕੇਂਦਰਾਂ, ਸੂਚਨਾ ਕੇਂਦਰਾਂ, ਸਕੂਲਾਂ, ਸੰਸਥਾਵਾਂ, ਵਿਸ਼ੇਸ਼ ਪ੍ਰਯੋਗਸ਼ਾਲਾਵਾ ਜਾਂ ਹੋਰ ਇਕਾਈਆਂ ਦੀ ਖੋਜ ਅਤੇ ਹਦਾਇਤਾਂ ਲਈ ਸਥਾਪਨਾ ਅਤੇ ਰੱਖ-ਰਖਾਅ ਕਰਨਾ;<br>(xiv) ਖੋਜ ਅਤੇ ਸਲਾਹ-ਮਸ਼ਵਰਾ ਕਰਨਾ ਅਤੇ ਇਸ ਉਦੇਸ਼ ਲਈ ਯੂਨੀਵਰਸਿਟੀ ਦੁਆਰਾ ਜ਼ਰੂਰੀ ਸਮਝੇ ਜਾਣ ਵਾਲੇ ਹੋਰ ਸੰਸਥਾਨਾਂ ਜਾਂ ਸੰਸਥਾਵਾਂ ਨਾਲ ਅਜਿਹੇ ਪ੍ਰਬੰਧ ਕਰਨੇ;<br>(xv) ਯੂਨੀਵਰਸਿਟੀ ਵਿੱਚ ਦਾਖਲੇ ਲਈ ਮਿਆਰ ਨਿਰਧਾਰਤ ਕਰਨਾ, ਜਿਸ ਵਿੱਚ ਪ੍ਰੀਖਿਆ, ਮੁਲਾਂਕਣ ਜਾਂ ਟੈਸਟਿੰਗ ਦਾ ਕੋਈ ਹੋਰ ਤਰੀਕਾ ਸ਼ਾਮਲ ਹੋ ਸਕਦਾ ਹੈ;<br>(xvi) ਪੰਜਾਬ ਪ੍ਰਾਈਵੇਟ ਯੂਨੀਵਰਸਿਟੀ ਨੀਤੀ, 2010 ਦੇ ਕਲਾਜ਼ 8 ਦੇ ਮੱਦੇਨਜ਼ਰ, ਵਿਦਿਆਰਥੀਆਂ ਦੀਆਂ ਵੱਖ-ਵੱਖ ਸ਼੍ਰੇਣੀਆਂ ਲਈ ਫੀਸ ਢਾਂਚਾ ਨਿਰਧਾਰਤ ਕਰਨਾ;<br>(xvii) ਫੀਸਾ ਅਤੇ ਹੋਰ ਖਰਚਿਆਂ ਦੀ ਮੰਗ ਕਰਨਾ ਅਤੇ ਇਕੱਠਾ ਕਰਨਾ, ਜਿਵੇਂ ਕਿ ਨਿਰਧਾਰਤ ਕੀਤਾ ਜਾ |

| | |
|---|---|
| | ਸਕਦਾ ਹੈ;<br>(xviii) ਯੂਨੀਵਰਸਿਟੀ ਦੇ ਵਿਦਿਆਰਥੀਆਂ ਦੇ ਰਿਹਾਇਸ਼ੀ ਸਥਾਨਾਂ ਦੀ ਨਿਗਰਾਨੀ ਕਰਨਾ ਅਤੇ ਉਨ੍ਹਾਂ ਦੀ ਸਿਹਤ ਅਤੇ ਆਮ ਭਲਾਈ ਨੂੰ ਉਤਸ਼ਾਹਿਤ ਕਰਨ ਲਈ ਪ੍ਰਬੰਧ ਕਰਨਾ;<br>(xix) ਵਿਦਿਆਰਥਣਾਂ ਦੇ ਸੰਬੰਧ ਵਿੱਚ ਵਿਸ਼ੇਸ਼ ਪ੍ਰਬੰਧ ਕਰਨਾ, ਜਿਵੇਂ ਕਿ ਯੂਨੀਵਰਸਿਟੀ ਜ਼ਰੂਰੀ ਅਤੇ ਲੋੜੀਂਦਾ ਸਮਝੇ;<br>(xx) ਯੂਨੀਵਰਸਿਟੀ ਦੇ ਕਰਮਚਾਰੀਆਂ ਅਤੇ ਵਿਦਿਆਰਥੀਆਂ ਵਿੱਚ ਅਨੁਸ਼ਾਸਨ ਨੂੰ ਨਿਯਮਤ ਅਤੇ ਲਾਗੂ ਕਰਨਾ ਅਤੇ ਇਸ ਸਬੰਧ ਵਿੱਚ ਅਜਿਹੇ ਅਨੁਸ਼ਾਸਨੀ ਉਪਾਅ ਕਰਨਾ, ਜੋ ਯੂਨੀਵਰਸਿਟੀ ਦੁਆਰਾ ਜ਼ਰੂਰੀ ਸਮਝੇ ਜਾਣ;<br>(xxi) ਯੂਨੀਵਰਸਿਟੀ ਦੇ ਕਰਮਚਾਰੀਆਂ ਦੀ ਸਿਹਤ ਅਤੇ ਆਮ ਭਲਾਈ ਨੂੰ ਉਤਸ਼ਾਹਿਤ ਕਰਨ ਲਈ ਪ੍ਰਬੰਧ ਕਰਨਾ;<br>(xxii) ਦਾਨ ਪ੍ਰਾਪਤ ਕਰਨਾ; ਅਤੇ ਕਿਸੇ ਵੀ ਚੱਲ ਜਾਂ ਅਚੱਲ ਜਾਇਦਾਦ ਨੂੰ ਪ੍ਰਾਪਤ ਕਰਨਾ, ਰੱਖਣਾ, ਪ੍ਰਬੰਧਿਤ ਕਰਨਾ ਅਤੇ ਨਿਪਟਾਉਣਾ;<br>(xviii) ਸੁਸਾਇਟੀ ਦੀ ਪ੍ਰਵਾਨਗੀ ਨਾਲ ਯੂਨੀਵਰਸਿਟੀ ਦੇ ਉਦੇਸ਼ਾਂ ਲਈ ਪੈਸੇ ਉਧਾਰ ਲੈਣਾ;<br>(xxiv) ਸੋਸਾਇਟੀ ਦੀ ਪ੍ਰਵਾਨਗੀ ਨਾਲ ਯੂਨੀਵਰਸਿਟੀ ਦੀ ਜਾਇਦਾਦ ਨੂੰ ਗਿਰਵੀ ਰੱਖਣਾ ਜਾਂ ਗਿਰਵੀ ਰੱਖਣਾ;<br>(xxv) ਸੋਸਾਇਟੀ ਦੇ ਫੰਡਾਂ ਅਤੇ ਯੂਨੀਵਰਸਿਟੀ ਦੇ ਹੱਕ ਵਿੱਚ ਸਥਾਪਤ ਕੀਤੇ ਗਏਵਕਫ਼ਾਂ ਨੂੰ ਰੱਖਣਾ, ਪ੍ਰਬੰਧਿਤ ਕਰਨਾ ਅਤੇ ਚਲਾਉਣਾ;<br>(xxvi) ਯੂਨੀਵਰਸਿਟੀ ਲਈ ਕਰਜ਼ੇ ਅਤੇ ਪੇਸ਼ਗੀ ਪ੍ਰਾਪਤ ਕਰਨਾ ਅਤੇ ਇਕੱਠਾ ਕਰਨਾ;<br>(xxvii) ਕਿਸੇ ਵੀ ਅਚੱਲ ਜਾਂ ਚੱਲ ਜਾਇਦਾਦ ਨੂੰ ਖਰੀਦਣਾ, ਪ੍ਰਾਪਤ ਕਰਨਾ ਅਤੇ ਲੀਜ਼ 'ਤੇ ਲੈਣਾ ਜਾਂ ਗਿਰਵੀ ਰੱਖਣਾ ਅਤੇ ਯੂਨੀਵਰਸਿਟੀ ਨਾਲ ਸਬੰਧਤ ਜਾਂ ਉਸ ਵਿੱਚ ਨਿਹਿਤ ਕਿਸੇ ਵੀ ਅਚੱਲ ਜਾਂ ਚੱਲ ਜਾਇਦਾਦ ਨੂੰ ਵੇਚਣਾ, ਲੀਜ਼ 'ਤੇ ਦੇਣਾ, ਗਿਰਵੀ ਰੱਖਣਾ, ਅਲੱਗ ਕਰਨਾ ਅਤੇ ਤਬਦੀਲ ਕਰਨਾ;<br>(xxviii) ਯੂਨੀਵਰਸਿਟੀ ਗ੍ਰਾਂਟਸ ਕਮਿਸ਼ਨ ਅਤੇ ਹੋਰ ਕੇਂਦਰੀ ਜਾਂ ਰਾਜ ਏਜੰਸੀਆਂ ਤੋਂ ਗ੍ਰਾਂਟਾਂ ਪ੍ਰਾਪਤ ਕਰਨਾ;<br>(xxix) ਯੂਨੀਵਰਸਿਟੀ ਗ੍ਰਾਂਟਸ ਕਮਿਸ਼ਨ ਦੁਆਰਾ ਨਿਰਧਾਰਤ ਮਾਪਦੰਡਾਂ ਦੇ ਅਨੁਸਾਰ ਯੂਨੀਵਰਸਿਟੀ ਦੇ ਅਧਿਆਪਕਾਂ ਅਤੇ ਕਰਮਚਾਰੀਆਂ ਦੀਆਂ ਤਨਖਾਹਾਂ , ਮਿਹਨਤਾਨੇ ਅਤੇ ਮਾਣ-ਭੱਤੇ ਨੂੰ ਨਿਸ਼ਚਿਤ ਕਰਨਾ, ਨਿਰਧਾਰਤ ਕਰਨਾ ਅਤੇ ਪ੍ਰਦਾਨ ਕਰਨਾ।<br>(xxx) ਸਵੈ-ਪ੍ਰਮਾਣੀਕਰਨ ਕਰਨਾ, ਜਿਸ ਨੂੰ ਰਾਜ ਸਰਕਾਰ ਜਾਂ ਰਾਜ ਸਰਕਾਰ ਦੁਆਰਾ ਸਥਾਪਤ ਕਿਸੇ ਹੋਰ ਸੰਸਥਾ ਤੋਂ ਕਿਸੇ ਵੀ ਇਜਾਜ਼ਤ, ਪ੍ਰਵਾਨਗੀ, ਲਾਇਸੈਂਸ, ਸਰਟੀਫਿਕੇਟ, ਇਤਰਾਜ਼ਹੀਣਤਾ ਸਰਟੀਫਿਕੇਟ ਜਾਂ ਅਧਿਕਾਰ ਪ੍ਰਾਪਤ ਕਰਨ ਤੋਂ ਛੋਟ ਹੋਵੇਗੀ;<br>(xxxi) ਯੂਨੀਵਰਸਿਟੀ ਦੇ ਉਦੇਸ਼ਾਂ ਨੂੰ ਪੂਰਾ ਕਰਨ ਲਈ ਕਾਨੂੰਨ, ਆਰਡੀਨੈਂਸ ਅਤੇ ਨਿਯਮ ਬਣਾਉਣਾ; ਅਤੇ<br>(xxxii) ਅਜਿਹੇ ਸਾਰੇ ਹੋਰ ਕਾਰਜ ਕਰਨਾ, ਜੋ ਯੂਨੀਵਰਸਿਟੀ ਦੇ ਉਦੇਸ਼ਾਂ ਨੂੰ ਅੱਗੇ ਵਧਾਉਣ ਲਈ ਜ਼ਰੂਰੀ ਜਾਂ ਲੋੜੀਂਦੇ ਹੋਣ। |
| ਯੂਨੀਵਰਸਿਟੀ ਦਾ ਅਧਿਕਾਰ ਖੇਤਰ। | 6. (1) ਯੂਨੀਵਰਸਿਟੀ ਸਿਰਫ਼ ਪੰਜਾਬ ਰਾਜ ਵਿੱਚ ਆਪਣੇ ਕੈਂਪਸਾਂ ਦੇ ਅੰਦਰ ਆਪਣੇ ਅਧਿਕਾਰ ਖੇਤਰ ਦੀ ਵਰਤੋਂ ਕਰੇਗੀ।<br>(2) ਯੂਨੀਵਰਸਿਟੀ ਉਹਨਾਂ ਵਿਦਿਅਕ ਜਾਂ ਪੇਸ਼ੇਵਰ ਸੰਸਥਾਵਾਂ ਨੂੰ ਆਪਣੇ ਨਾਲ ਜੋੜੇਗੀ, ਜੋ ਸੁਸਾਇਟੀ ਦੁਆਰਾ ਕੈਂਪਸ ਦੇ ਅੰਦਰ ਸਥਾਪਿਤ, ਚਲਾਈਆਂ ਜਾਂ ਪ੍ਰਬੰਧਿਤ ਕੀਤੀਆਂ ਜਾਂਦੀਆਂ ਹਨ ਜਿਨ੍ਹਾਂ ਬਾਰੇ ਸੁਸਾਇਟੀ ਦੁਆਰਾ ਇੱਕ ਖਾਸ ਫੈਸਲਾ ਲਿਆ ਜਾਂਦਾ ਹੈ। |
| ਯੂਨੀਵਰਸਿਟੀ ਦੇ ਅਧਿਕਾਰੀ | 7. ਯੂਨੀਵਰਸਿਟੀ ਦੇ ਹੇਠ ਲਿਖੇ ਅਧਿਕਾਰੀ ਹੋਣਗੇ, ਅਰਥਾਤ: -<br>(i) ਵਿਜ਼ਿਟਰ;<br>(ii) ਚਾਂਸਲਰ;<br>(iii) ਵਾਈਸ-ਚਾਂਸਲਰ;<br>(iv) ਰਜਿਸਟਰਾਰ;<br>(v) ਫੈਕਲਟੀਜ਼ਦੇਡੀਨ;<br>(vi) ਮੁੱਖ ਵਿੱਤ ਅਤੇ ਲੇਖਾ ਅਧਿਕਾਰੀ; ਅਤੇ<br>(vii) ਯੂਨੀਵਰਸਿਟੀ ਦੇ ਅਜਿਹੇ ਹੋਰ ਅਧਿਕਾਰੀ, ਜਿਨ੍ਹਾਂ ਨੂੰ ਕਾਨੂੰਨਾਂ ਦੁਆਰਾ ਯੂਨੀਵਰਸਿਟੀ ਦੇ ਅਧਿਕਾਰੀ |

| | |
|---|---|
| | ਐਲਾਨਿਆ ਜਾ ਸਕਦਾ ਹੈ। |
| ਵਿਜ਼ਿਟਰ | 8. (1) ਪੰਜਾਬ ਦੇ ਰਾਜਪਾਲ ਯੂਨੀਵਰਸਿਟੀ ਦੇ ਵਿਜ਼ਟਰ ਹੋਣਗੇ।<br>(2) ਵਿਜ਼ਟਰ ਡਿਗਰੀਆਂ ਅਤੇ ਡਿਪਲੋਮੇ ਪ੍ਰਦਾਨ ਕਰਨ ਲਈ ਯੂਨੀਵਰਸਿਟੀ ਦੇ ਕਨਵੋਕੇਸ਼ਨ ਦੀ ਪ੍ਰਧਾਨਗੀ ਕਰੇਗਾ।<br>(3) ਵਿਜ਼ਟਰ ਨੂੰ ਯੂਨੀਵਰਸਿਟੀ ਦੇ ਮਾਮਲਿਆਂ ਨਾਲ ਸਬੰਧਤ ਕਿਸੇ ਵੀ ਜਾਣਕਾਰੀ ਲਈ ਕਾਲ ਕਰਨ ਦਾ ਅਧਿਕਾਰ ਹੋਵੇਗਾ।<br>(4)ਵਿਜ਼ੀਟਰ, ਚਾਂਸਲਰ ਨਾਲ ਸਲਾਹ-ਮਸ਼ਵਰਾ ਕਰਕੇ, ਕਿਸੇ ਵੀ ਵਿਅਕਤੀ ਤੋਂ, ਜਿਸ ਨੂੰ ਉਹ ਨਿਰਦੇਸ਼ ਦੇਵੇ, ਯੂਨੀਵਰਸਿਟੀ ਦੇ ਪ੍ਰਬੰਧਕੀ, ਅਕਾਦਮਿਕ ਜਾਂ ਕਾਰਜਕਾਰੀ ਮਾਮਲਿਆਂ ਦੇ ਸਬੰਧ ਵਿੱਚ ਨਿਰੀਖਣ , ਜਾਂਚ-ਪੜਤਾਲ, ਪੜਤਾਲ, ਸਰਵੇਖਣ ਜਾਂ ਪੁੱਛਗਿੱਛ ਜਾਂ ਇਸ ਤਰ੍ਹਾਂ ਦਾ ਕੋਈ ਵੀ ਕੰਮ ਕਰਵਾ ਸਕਦਾ ਹੈ।<br>(5) ਵਿਜ਼ੀਟਰ ਹਰ ਮਾਮਲੇ ਵਿੱਚ, ਨਿਰੀਖਣ, ਜਾਂਚ-ਪੜਤਾਲ, ਪੜਤਾਲ , ਸਰਵੇਖਣ ਜਾਂ ਪੁੱਛਗਿੱਛ ਜਾਂ ਇਸ ਤਰ੍ਹਾਂ ਦਾ ਕੋਈ ਵੀ ਹੋਰ ਕੰਮ ਕਰਵਾਉਣ ਦੇ ਆਪਣੇ ਇਰਾਦੇ ਬਾਰੇ ਯੂਨੀਵਰਸਿਟੀ ਨੂੰ ਨੋਟਿਸ ਦੇਵੇਗਾ, ਅਤੇ ਯੂਨੀਵਰਸਿਟੀ ਇੱਕ ਪ੍ਰਤੀਨਿਧੀ ਨਿਯੁਕਤ ਕਰੇਗੀ, ਜੋ ਅਜਿਹੇ ਨਿਰੀਖਣ, ਜਾਂਚ-ਪੜਤਾਲ, ਪੜਤਾਲ, ਸਰਵੇਖਣ ਜਾਂ ਪੁੱਛਗਿੱਛ, ਜਾਂ ਇਸ ਤਰ੍ਹਾਂ ਦੇ ਕਿਸੇ ਵੀ ਕੰਮ ਸਮੇਂ ਹਾਜ਼ਰ ਰਹੇਗਾ।<br>(6) ਵਿਜ਼ੀਟਰ ਅਜਿਹੇ ਨਿਰੀਖਣ, ਜਾਂਚ-ਪੜਤਾਲ, ਪੜਤਾਲ, ਸਰਵੇਖਣ ਜਾਂ ਪੁੱਛਗਿੱਛ ਦੇ ਨਤੀਜਿਆਂ ਬਾਰੇ ਵਾਇਸ-ਚਾਂਸਲਰ ਨੂੰ ਸੂਚਿਤ ਕਰ ਸਕਦਾ ਹੈ ਅਤੇ ਵਾਇਸ-ਚਾਂਸਲਰ ਗਵਰਨਿੰਗ ਬਾਡੀ ਨੂੰ, ਵਿਜ਼ੀਟਰ ਦੇ ਵਿਚਾਰਾਂ ਸਮੇਤ, ਵਿਜ਼ੀਟਰ ਦੁਆਰਾ ਦਿੱਤੀ ਗਈ ਸਲਾਹ ਅਤੇ ਉਸ ਸਲਾਹ 'ਤੇ ਕੀਤੀ ਜਾਣ ਵਾਲੀ ਕਾਰਵਾਈ ਬਾਰੇ ਦੱਸੇਗਾ।<br>(7) ਵਾਇਸ-ਚਾਂਸਲਰ, ਨਿਰੀਖਣ, ਜਾਂਚ-ਪੜਤਾਲ, ਪੜਤਾਲ, ਪੁੱਛਗਿੱਛ, ਜਾਂ ਇਸ ਤਰ੍ਹਾਂ ਦੇ ਕਿਸੇ ਵੀ ਹੋਰ ਕੰਮ ਦੇ ਸਬੰਧ ਵਿੱਚ ਯੂਨੀਵਰਸਿਟੀ ਦੁਆਰਾ ਕੀਤੀ ਗਈਜਾਂਕੀਤੀ ਜਾਣ ਵਾਲੀ ਪ੍ਰਸਤਾਵਿਤ ਕਾਰਵਾਈਬਾਰੇ ਵਿਜ਼ੀਟਰ ਨੂੰ ਸੂਚਿਤ ਕਰੇਗਾ।<br>(8) ਜੇਕਰ ਰਾਜ ਸਰਕਾਰ ਜਨਤਾ ਦੇ ਹਿੱਤ ਵਿੱਚ ਯੂਨੀਵਰਸਿਟੀ ਜਾਂ ਇਸ ਦੀਆਂ ਸੰਸਥਾਵਾਂ ਨਾਲ ਸਬੰਧਤ ਕਿਸੇ ਵੀ ਮਾਮਲੇ ਵਿੱਚ ਨਿਰੀਖਣ, ਜਾਂਚ-ਪੜਤਾਲ, ਪੜਤਾਲ, ਸਰਵੇਖਣ ਜਾਂ ਪੁੱਛਗਿੱਛ ਕਰਨਾ ਮੁਨਾਸਿਬ ਸਮਝਦੀ ਹੈ, ਤਾਂ ਰਾਜ ਸਰਕਾਰ ਵੱਲੋਂ ਵੀ ਇਸ-ਚਾਂਸਲਰ ਨੂੰ ਇੱਕ ਹਵਾਲਾ ਭੇਜਿਆ ਜਾਵੇਗਾ, ਜੋ ਅਜਿਹਾ ਨਿਰੀਖਣ, ਜਾਂਚ-ਪੜਤਾਲ, ਪੜਤਾਲ, ਸਰਵੇਖਣ ਜਾਂ ਪੁੱਛ ਗਿੱਛ ਕਰਵਾਏਗਾ। |
| ਚਾਂਸਲਰ | 9. (1) ਚੇਅਰਪਰਸਨ ਜਾਂ ਸੋਸਾਇਟੀ ਦੁਆਰਾ ਨਾਮਜ਼ਦ ਕੀਤਾ ਗਿਆ ਕੋਈ ਵੀ ਵਿਸ਼ੇਸ਼ ਵਿਅਕਤੀ ਯੂਨੀਵਰਸਿਟੀ ਦਾ ਚਾਂਸਲਰ ਹੋਵੇਗਾ ਅਤੇ ਵਿਜ਼ਿਟਰ ਦੀ ਗੈਰਹਾਜ਼ਰੀ ਵਿੱਚ, ਚਾਂਸਲਰ ਯੂਨੀਵਰਸਿਟੀ ਦੇ ਕਨਵੋਕੇਸ਼ਨ ਦੀ ਪ੍ਰਧਾਨਗੀ ਕਰੇਗਾ।<br>(2) ਚਾਂਸਲਰ ਗਵਰਨਿੰਗ ਬਾਡੀ ਦਾ ਚੇਅਰਮੈਨ ਹੋਵੇਗਾ ਅਤੇ ਉਹ ਯੂਨੀਵਰਸਿਟੀ ਦੀ ਗਵਰਨਿੰਗ ਬਾਡੀ ਦੀ ਸਿਫ਼ਾਰਸ਼ 'ਤੇ ਯੂਨੀਵਰਸਿਟੀ ਦੇ ਕਰਮਚਾਰੀਆਂ ਅਤੇ ਅਧਿਕਾਰੀਆਂ ਦੀਆਂ ਸਾਰੀਆਂ ਨਿਯੁਕਤੀਆਂ, ਨਾਮਜ਼ਦਗੀਆਂ, ਬਰਖਾਸਤਗੀਆਂ, ਮੁਅੱਤਲੀਆਂ ਅਤੇ ਬਹਾਲੀਆਂ ਨੂੰ ਪ੍ਰਵਾਨ ਕਰੇਗਾ।<br>(3) ਚਾਂਸਲਰ ਯੂਨੀਵਰਸਿਟੀ ਦੇ ਕਿਸੇ ਵੀ ਅਥਾਰਟੀ ਜਾਂ ਅਧਿਕਾਰੀ ਦੁਆਰਾ ਲਏ ਗਏ ਕਿਸੇ ਵੀ ਫੈਸਲੇ ਨੂੰ ਸੋਧ ਸਕਦਾ ਹੈ ਜਾਂ ਰੱਦ ਕਰ ਸਕਦਾ ਹੈ ਅਤੇ ਗਵਰਨਿੰਗ ਬਾਡੀ ਦੀ ਸਿਫ਼ਾਰਸ਼ 'ਤੇ ਯੂਨੀਵਰਸਿਟੀ ਦੇ ਸੁਚਾਰੂ ਕੰਮਕਾਜ ਨੂੰ ਸੁਖਾਲਾ ਬਣਾਉਣ ਲਈ ਸਾਰੇ ਜ਼ਰੂਰੀ ਕੰਮ ਕਰਨ ਲਈ ਆਪਣੀਆਂ ਸ਼ਕਤੀਆਂ ਦੀ ਵਰਤੋਂ ਕਰ ਸਕਦਾ ਹੈ।<br>(4) ਚਾਂਸਲਰ ਕੋਲ ਅਜਿਹੇ ਸਾਰੇ ਹੋਰ ਕਾਰਜ ਕਰਨ ਦੀ ਸ਼ਕਤੀ ਹੋਵੇਗੀ, ਜੋ ਯੂਨੀਵਰਸਿਟੀ ਦੇ ਉਦੇਸ਼ਾਂ ਨੂੰ ਅੱਗੇ ਵਧਾਉਣ ਲਈ ਅਤੇ ਇਸ ਨਾਲ ਸਬੰਧਤ ਕਿਸੇ ਵੀ ਸਹਾਇਕ ਮਾਮਲੇ ਲਈ ਕਰਨੇ ਜ਼ਰੂਰੀ ਹੋ ਸਕਦੇ ਹਨ, ਅਤੇ ਚਾਂਸਲਰ ਦੁਆਰਾ ਲਏ ਗਏ ਫੈਸਲੇ ਅੰਤਿਮ ਹੋਣਗੇ ਅਤੇ ਯੂਨੀਵਰਸਿਟੀ ਦੇ ਸਾਰੇ ਸਬੰਧਤਾਂ 'ਤੇ ਲਾਜ਼ਮੀ ਹੋਣਗੇ।<br>(5) ਜੇਕਰ ਚਾਂਸਲਰ ਦੀ ਰਾਏ ਵਿੱਚ, ਯੂਨੀਵਰਸਿਟੀ ਦੇ ਕਿਸੇ ਵੀ ਅਧਿਕਾਰੀ ਜਾਂ ਅਥਾਰਟੀ ਦਾ ਕੋਈ ਫੈਸਲਾ ਇਸ ਐਕਟ ਜਾਂ ਸਟੈਚੂਟਸ ਜਾਂ ਆਰਡੀਨੈਂਸਾਂ ਜਾਂ ਨਿਯਮਾਂ ਦੇ ਤਹਿਤ ਦਿੱਤੀਆਂ ਗਈਆਂ ਸ਼ਕਤੀਆਂ ਤੋਂ ਬਾਹਰ ਹੈ, ਜਾਂ ਯੂਨੀਵਰਸਿਟੀ ਦੇ ਹਿੱਤਾਂ ਲਈ ਨੁਕਸਾਨ ਦੇਹ ਹੋਣ ਦੀ ਸੰਭਾਵਨਾ ਹੈ, ਤਾਂ ਚਾਂਸਲਰ ਅਜਿਹੇ ਅਧਿਕਾਰੀ ਜਾਂ ਅਥਾਰਟੀ ਨੂੰ ਪੰਦਰਾਂ (15) ਦਿਨਾਂ ਦੀ ਮਿਆਦ ਦੇ ਅੰਦਰ ਆਪਣੇ ਫੈਸਲੇ ਨੂੰ ਸੋਧਣ ਲਈ ਕਹੇਗਾ। ਅਤੇ ਜੇਕਰ ਅਧਿਕਾਰੀ ਜਾਂ ਅਥਾਰਟੀ ਅਜਿਹੇ ਫੈਸਲੇ ਨੂੰ ਪੂਰੀ ਤਰ੍ਹਾਂ ਜਾਂ ਅੰਸ਼ਿਕ ਤੌਰ 'ਤੇ ਸੋਧਣ ਤੋਂ ਇਨਕਾਰ ਕਰਦਾ |

| | |
|---|---|
| | ਹੈ, ਜਾਂ ਪੰਦਰਾਂ ਦਿਨਾਂ ਦੀ ਮਿਆਦ ਦੇ ਅੰਦਰ ਕੋਈ ਫੈਸਲਾ ਲੈਣ ਵਿੱਚ ਅਸਫਲ ਰਹਿੰਦਾ ਹੈ, ਤਾਂ ਉਸ 'ਤੇ ਚਾਂਸਲਰ ਦਾ ਫੈਸਲਾ ਅੰਤਿਮ ਹੋਵੇਗਾ।<br>(6) ਜੇਕਰ, ਕਿਸੇ ਵੀ ਸਮੇਂ, ਕਿਸੇ ਪ੍ਰਤੀਨਿਧਤਾ ਰਾਹੀਂ ਜਾਂ ਕਿਸੇ ਹੋਰ ਤਰੀਕੇ ਨਾਲ, ਚਾਂਸਲਰ ਨੂੰ ਇਹ ਪ੍ਰਤੀਤ ਹੁੰਦਾ ਹੈ ਕਿ ਵਾਇਸ-ਚਾਂਸਲਰ ਜਾਂ ਯੂਨੀਵਰਸਿਟੀ ਦਾ ਕੋਈ ਹੋਰ ਅਧਿਕਾਰੀ, -<br>(a) ਇਸ ਐਕਟ ਅਧੀਨ ਜਾਂ ਹੋਰ ਕਿਸੇ ਹੋਰ ਤਰੀਕੇ ਨਾਲ ਉਸ ਉੱਤੇ ਲਗਾਈ ਗਈ ਕਿਸੇ ਡਿਊਟੀ ਨੂੰ ਨਿਭਾਉਣ ਵਿੱਚ ਕੋਤਾਹੀ ਕੀਤੀ ਹੈ; ਜਾਂ<br>(b) ਯੂਨੀਵਰਸਿਟੀ ਦੇ ਹਿੱਤਾਂ ਦੇ ਪ੍ਰਤੀਕੂਲ ਢੰਗ ਨਾਲ ਕੰਮ ਕੀਤਾ ਹੈ; ਜਾਂ<br>(c) ਯੂਨੀਵਰਸਿਟੀ ਦੇ ਮਾਮਲਿਆਂ ਦਾ ਪ੍ਰਬੰਧਨ ਕਰਨ ਦੇ ਅਸਮਰੱਥ ਹੈ,<br>ਚਾਂਸਲਰ, ਇਸ ਤੱਥ ਦੇ ਬਾਵਜੂਦ ਕਿ ਉਸ ਅਧਿਕਾਰੀ ਦਾ ਕਾਰਜਕਾਲ ਸਮਾਪਤ ਨਹੀਂ ਹੋਇਆ ਹੈ, ਲਿਖਤੀ ਹੁਕਮ ਰਾਹੀਂ ਅਤੇ ਉਸ ਵਿੱਚ ਕਾਰਨ ਦੱਸਦੇ ਹੋਏ, ਵਾਇਸ-ਚਾਂਸਲਰ ਜਾਂ ਸਬੰਧਤ ਅਧਿਕਾਰੀ ਨੂੰ ਅਜਿਹੀ ਮਿਤੀ ਤੋਂ ਆਪਣਾ ਅਹੁਦਾ ਛੱਡਣ ਲਈ ਕਹਿ ਸਕਦਾ ਹੈ, ਜੋ ਹੁਕਮ ਵਿੱਚ ਨਿਰਧਾਰਤ ਕੀਤੀ ਜਾਵੇ। ਵਾਇਸ-ਚਾਂਸਲਰ ਜਾਂ ਸਬੰਧਤ ਅਧਿਕਾਰੀ ਨੂੰ ਉਸ ਨਿਰਧਾਰਤ ਮਿਤੀ ਤੋਂ ਆਪਣਾ ਅਹੁਦਾ ਛੱਡਿਆ ਹੋਇਆ ਮੰਨਿਆ ਜਾਵੇਗਾ।<br>ਬਸ਼ਰਤੇ ਕਿ ਅਜਿਹਾ ਕੋਈ ਵੀ ਹੁਕਮ ਉਦੋਂ ਤੱਕ ਪਾਸ ਨਹੀਂ ਕੀਤਾ ਜਾਵੇਗਾ ਜਦੋਂ ਤੱਕ, ਜਿਨ੍ਹਾਂ ਆਧਾਰਾਂ 'ਤੇ ਅਜਿਹੀ ਕਾਰਵਾਈ ਕਰਨ ਦਾ ਪ੍ਰਸਤਾਵ ਹੈ, ਉਹ ਵਾਇਸ-ਚਾਂਸਲਰ ਜਾਂ ਸਬੰਧਤ ਅਧਿਕਾਰੀ ਨੂੰ ਸੂਚਿਤ ਨਹੀਂ ਕੀਤੇ ਜਾਂਦੇ ਅਤੇ ਉਸ ਨੂੰ ਸੁਣਵਾਈ ਦਾ ਵਾਜਬ ਮੌਕਾ ਨਹੀਂ ਦਿੱਤਾ ਜਾਂਦਾ। |
| ਵਾਈਸ-ਚਾਂਸਲਰ | 10. (1) ਵਾਈਸ-ਚਾਂਸਲਰ ਦੀ ਨਿਯੁਕਤੀ ਚਾਂਸਲਰ ਦੁਆਰਾ ਗਵਰਨਿੰਗ ਬਾਡੀ ਵੱਲੋਂ ਸਿਫ਼ਾਰਸ਼ ਕੀਤੇ ਗਏ ਤਿੰਨ ਵਿਅਕਤੀਆਂ ਦੇ ਪੈਨਲ ਵਿੱਚੋਂ ਕੀਤੀ ਜਾਵੇਗੀ।<br>(2) ਕਿਸੇ ਵੀ ਵਿਅਕਤੀ ਨੂੰ ਵਾਈਸ-ਚਾਂਸਲਰ ਵਜੋਂ ਨਿਯੁਕਤ ਨਹੀਂ ਕੀਤਾ ਜਾਵੇਗਾ, ਜਦੋਂ ਤੱਕ ਕਿ ਉਸ ਕੋਲ ਯੂਨੀਵਰਸਿਟੀ ਗ੍ਰਾਂਟਸ ਕਮਿਸ਼ਨ ਜਾਂ ਕੇਂਦਰ ਸਰਕਾਰ ਦੁਆਰਾ ਬਣਾਈ ਗਈ ਇਸਦੇ ਬਰਾਬਰ ਸੰਸਥਾ ਦੁਆਰਾ ਨਿਰਧਾਰਤ ਯੋਗਤਾਵਾਂ ਨਾ ਹੋਣ।<br>(3) ਵਾਈਸ-ਚਾਂਸਲਰ ਯੂਨੀਵਰਸਿਟੀ ਦਾ ਸਮੁੱਚਾ ਇੰਚਾਰਜ ਹੋਵੇਗਾ ਜੋ ਯੂਨੀਵਰਸਿਟੀ ਦੇ ਮਾਮਲਿਆਂ ਵਿੱਚ ਆਮ ਨਿਗਰਾਨੀ ਅਤੇ ਨਿਯੰਤਰਣ ਦੀ ਵਰਤੋਂ ਕਰੇਗਾ ਅਤੇ ਯੂਨੀਵਰਸਿਟੀ ਦੇ ਵੱਖ-ਵੱਖ ਅਧਿਕਾਰੀਆਂ ਦੇ ਫੈਸਲਿਆਂ ਨੂੰ ਲਾਗੂ ਕਰੇਗਾ।<br>(4) ਵਿਜ਼ਿਟਰ ਅਤੇ ਚਾਂਸਲਰ ਦੀ ਗੈਰਹਾਜ਼ਰੀ ਦੀ ਸੂਰਤ ਵਿੱਚ, ਵਾਈਸ-ਚਾਂਸਲਰ ਯੂਨੀਵਰਸਿਟੀ ਦੇ ਕਨਵੋਕੇਸ਼ਨ ਦੀ ਪ੍ਰਧਾਨਗੀ ਕਰੇਗਾ।<br>(5) ਵਾਈਸ-ਚਾਂਸਲਰ ਅਜਿਹੀਆਂ ਸ਼ਕਤੀਆਂ ਦੀ ਵਰਤੋਂ ਕਰੇਗਾ ਅਤੇ ਅਜਿਹੇ ਕਾਰਜ ਕਰੇਗਾ, ਜਿਵੇਂ ਕਿ ਨਿਰਧਾਰਤ ਕੀਤਾ ਜਾ ਸਕਦਾ ਹੈ। |
| ਰਜਿਸਟਰਾਰ | 11. (1) ਰਜਿਸਟਰਾਰ ਦੀ ਨਿਯੁਕਤੀ ਚਾਂਸਲਰ ਦੁਆਰਾ ਗਵਰਨਿੰਗ ਬਾਡੀ ਵੱਲੋਂ ਸਿਫ਼ਾਰਸ਼ ਕੀਤੇ ਗਏ ਤਿੰਨ ਵਿਅਕਤੀਆਂ ਦੇ ਪੈਨਲ ਵਿੱਚੋਂ ਕੀਤੀ ਜਾਵੇਗੀ।<br>(2) ਕਿਸੇ ਵੀ ਵਿਅਕਤੀ ਨੂੰ ਰਜਿਸਟਰਾਰ ਵਜੋਂ ਨਿਯੁਕਤ ਨਹੀਂ ਕੀਤਾ ਜਾਵੇਗਾ, ਜਦੋਂ ਤੱਕ ਕਿ ਉਸ ਕੋਲ ਯੂਨੀਵਰਸਿਟੀ ਗ੍ਰਾਂਟਸ ਕਮਿਸ਼ਨ, ਜਾਂ ਕੇਂਦਰ ਸਰਕਾਰ ਦੁਆਰਾ ਬਣਾਈ ਗਈ ਇਸਦੀ ਬਰਾਬਰ ਸੰਸਥਾ ਦੁਆਰਾ ਨਿਰਧਾਰਤ ਯੋਗਤਾਵਾਂ ਨਾ ਹੋਣ।<br>(3) ਰਜਿਸਟਰਾਰ ਸਾਰੇ ਇਕਰਾਰਨਾਮਿਆਂ 'ਤੇ ਦਸਤਖਤ ਕਰੇਗਾ ਅਤੇ ਯੂਨੀਵਰਸਿਟੀ ਲਈ ਅਤੇ ਵੱਲੋਂ ਸਾਰੇ ਦਸਤਾਵੇਜ਼ਾਂ ਜਾਂ ਰਿਕਾਰਡਾਂ ਨੂੰ ਪ੍ਰਮਾਣਿਤ ਕਰੇਗਾ।<br>(4) ਰਜਿਸਟਰਾਰ ਗਵਰਨਿੰਗ ਬਾਡੀ, ਮੈਨੇਜਮੈਂਟ ਬੋਰਡ ਅਤੇ ਅਕਾਦਮਿਕ ਕੌਂਸਲ ਦਾ ਮੈਂਬਰ-ਸਕੱਤਰ ਹੋਵੇਗਾ ਪਰ ਉਸਨੂੰ ਵੋਟ ਪਾਉਣ ਦਾ ਅਧਿਕਾਰ ਨਹੀਂ ਹੋਵੇਗਾ।<br>(5) ਰਜਿਸਟਰਾਰ ਅਜਿਹੀਆਂ ਹੋਰ ਸ਼ਕਤੀਆਂ ਦੀ ਵਰਤੋਂ ਕਰੇਗਾ ਅਤੇ ਅਜਿਹੇ ਹੋਰ ਕਾਰਜ ਕਰੇਗਾ, ਜਿਵੇਂ ਕਿ ਨਿਰਧਾਰਤ ਕੀਤਾ ਜਾ ਸਕਦਾ ਹੈ। |
| ਮੁੱਖ ਵਿੱਤ ਅਤੇ ਲੇਖਾ ਅਧਿਕਾਰੀ | 12. (1) ਮੁੱਖ ਵਿੱਤ ਅਤੇ ਲੇਖਾ ਅਧਿਕਾਰੀ ਦੀ ਨਿਯੁਕਤੀ ਚਾਂਸਲਰ ਦੁਆਰਾ ਅਜਿਹੇ ਤਰੀਕੇ ਨਾਲ ਕੀਤੀ ਜਾਵੇਗੀ, ਜਿਵੇਂ ਕਿ ਨਿਰਧਾਰਤ ਕੀਤਾ ਜਾ ਸਕਦਾ ਹੈ।<br>(2) ਕੋਈ ਵੀ ਵਿਅਕਤੀ ਮੁੱਖ ਵਿੱਤ ਅਤੇ ਲੇਖਾ ਅਧਿਕਾਰੀ ਵਜੋਂ ਨਿਯੁਕਤ ਹੋਣ ਦੇ ਯੋਗ ਨਹੀਂ ਹੋਵੇਗਾ, ਜਦੋਂ ਤੱਕ ਕਿ ਉਸਨੇ ਇੰਸਟੀਚਿਊਟ ਆਫ਼ ਚਾਰਟਰਡ ਅਕਾਊਂਟੈਂਟਸ ਆਫ਼ ਇੰਡੀਆ ਦੁਆਰਾ ਆਯੋਜਿਤ ਚਾਰਟਰਡ ਅਕਾਊਂਟੈਂਸੀ ਟੈਸਟ ਪਾਸ ਨਾ ਕੀਤਾ ਹੋਵੇ।<br>(3) ਮੁੱਖ ਵਿੱਤ ਅਤੇ ਲੇਖਾ ਅਧਿਕਾਰੀ ਅਜਿਹੀਆਂ ਸ਼ਕਤੀਆਂ ਦੀ ਵਰਤੋਂ ਕਰੇਗਾ ਅਤੇ ਅਜਿਹੇ ਕਾਰਜ ਕਰੇਗਾ, |

| | |
|---|---|
| | ਜਿਵੇਂ ਕਿ ਨਿਰਧਾਰਤ ਕੀਤਾ ਜਾ ਸਕਦਾ ਹੈ। |
| ਹੋਰ ਅਧਿਕਾਰੀ | 13. (1) ਯੂਨੀਵਰਸਿਟੀ ਆਪਣੇ ਸੁਚਾਰੂ ਕੰਮਕਾਜ ਲਈ ਜਿਨ੍ਹਾਂ ਹੋਰ ਅਧਿਕਾਰੀਆਂ ਨੂੰ ਜ਼ਰੂਰੀ ਸਮਝੇ, ਨਿਯੁਕਤ ਕਰ ਸਕਦੀ ਹੈ।<br>(2) ਯੂਨੀਵਰਸਿਟੀ ਦੇ ਅਜਿਹੇ ਹੋਰ ਅਧਿਕਾਰੀਆਂ ਦੀ ਨਿਯੁਕਤੀ ਦਾ ਤਰੀਕਾ ਅਤੇ ਉਨ੍ਹਾਂ ਦੀਆਂ ਸ਼ਕਤੀਆਂ ਅਤੇ ਕਾਰਜ ਅਜਿਹੇ ਹੋਣਗੇ, ਜਿਵੇਂ ਨਿਰਧਾਰਤ ਕੀਤਾ ਜਾ ਸਕਦਾ ਹੈ। |
| ਯੂਨੀਵਰਸਿਟੀ ਦੇ ਅਧਿਕਾਰੀ। | 14. ਯੂਨੀਵਰਸਿਟੀ ਦੀਆਂ ਹੇਠ ਲਿਖੀਆਂ ਅਥਾਰਟੀਆਂ ਹੋਣਗੀਆਂ, ਅਰਥਾਤ: -<br>(i) ਗਵਰਨਿੰਗ ਬਾਡੀ;<br>(ii) ਪ੍ਰਬੰਧਨ ਬੋਰਡ;<br>(iii) ਅਕਾਦਮਿਕ ਕੌਂਸਲ;<br>(iv) ਵਿੱਤ ਕਮੇਟੀ; ਅਤੇ<br>(v) ਅਜਿਹੀਆਂ ਹੋਰ ਅਥਾਰਟੀਆਂ ਜਿਨ੍ਹਾਂ ਨੂੰ ਕਾਨੂੰਨਾਂ ਦੁਆਰਾ ਯੂਨੀਵਰਸਿਟੀ ਦੀਆਂ ਅਥਾਰਟੀਆਂ ਵਜੋਂ ਐਲਾਨਿਆ ਜਾ ਸਕਦਾ ਹੈ। |

| | | |
|---|---|---|
| ਗਵਰਨਿੰਗ ਬਾਡੀ | 15. (1) ਯੂਨੀਵਰਸਿਟੀ ਦੀ ਗਵਰਨਿੰਗ ਬਾਡੀ ਵਿੱਚ ਹੇਠ ਲਿਖੇ ਵਿਅਕਤੀ ਸ਼ਾਮਲ ਹੋਣਗੇ, ਅਰਥਾਤ: - | |
| | (a) ਚਾਂਸਲਰ; | : ਚੇਅਰਮੈਨ |
| | (b) ਵਾਈਸ-ਚਾਂਸਲਰ; | : ਮੈਂਬਰ |
| | (c) ਸੋਸਾਇਟੀ ਦੁਆਰਾ ਨਾਮਜ਼ਦ ਤਿੰਨ ਵਿਅਕਤੀ ਜਿਨ੍ਹਾਂ ਵਿੱਚੋਂ ਦੋ ਪ੍ਰਸਿੱਧ ਸਿੱਖਿਆ ਸ਼ਾਸਤਰੀ ਹੋਣਗੇ; | : ਮੈਂਬਰ<br>: ਮੈਂਬਰ |
| | (d) ਚਾਂਸਲਰ ਦੁਆਰਾ ਨਾਮਜ਼ਦ ਯੂਨੀਵਰਸਿਟੀ ਤੋਂ ਬਾਹਰੋਂ ਪ੍ਰਬੰਧਨ ਜਾਂ ਸੂਚਨਾ ਤਕਨਾਲੋਜੀ ਦਾ ਇੱਕ ਮਾਹਰ; | : ਮੈਂਬਰ |
| | (e) ਚਾਂਸਲਰ ਦੁਆਰਾ ਨਾਮਜ਼ਦ ਕੀਤਾ ਗਿਆ ਇੱਕ ਵਿੱਤ ਮਾਹਰ; | : ਮੈਂਬਰ |
| | (f)ਚਾਂਸਲਰ ਨਾਲ ਸਲਾਹ-ਮਸ਼ਵਰਾ ਕਰਕੇ ਸਕੱਤਰ, ਉਚੇਰੀ ਸਿੱਖਿਆ ਵਿਭਾਗ, ਪੰਜਾਬ ਸਰਕਾਰ ਦੁਆਰਾ ਨਾਮਜ਼ਦ ਇੱਕ ਉੱਘੇ ਸਿੱਖਿਆ ਸ਼ਾਸਤਰੀ; ਅਤੇ | : ਮੈਂਬਰ |
| | (g)ਪ੍ਰਬੰਧਕੀ ਸਕੱਤਰ, ਉਚੇਰੀ ਸਿੱਖਿਆ ਵਿਭਾਗ, ਪੰਜਾਬ ਸਰਕਾਰ, ਜਾਂ ਉਨ੍ਹਾਂ ਦਾ ਪ੍ਰਤੀਨਿਧੀ ਜੋ ਸੰਯੁਕਤ ਸਕੱਤਰ ਦੇ ਰੈਂਕ ਤੋਂ ਘੱਟ ਨਾ ਹੋਵੇ। | |
| | (2) ਗਵਰਨਿੰਗ ਬਾਡੀ ਯੂਨੀਵਰਸਿਟੀ ਦੀ ਸਰਵਉੱਚ ਸੰਸਥਾ ਹੋਵੇਗੀ। ਇਹ ਹੇਠ ਲਿਖੇ ਕਾਰਜ ਕਰੇਗੀ, ਅਰਥਾਤ: -<br>(a) ਕਾਨੂੰਨਾਂ, ਆਰਡੀਨੈਂਸਾਂ ਅਤੇ ਵਿਨਿਯਮਾਂ ਦੇ ਅਨੁਸਾਰ ਯੂਨੀਵਰਸਿਟੀ ਦੇ ਕੰਮ-ਕਾਜ ਨੂੰ ਕੰਟਰੋਲ ਕਰਨ ਲਈ ਆਮ ਨਿਗਰਾਨੀ ਪ੍ਰਦਾਨ ਕਰਨਾ ਅਤੇ ਨਿਰਦੇਸ਼ ਦੇਣਾ;<br>(b) ਯੂਨੀਵਰਸਿਟੀ ਦੇ ਹੋਰ ਅਧਿਕਾਰੀਆਂ ਦੇ ਫੈਸਲਿਆਂ ਦੀ ਸਮੀਖਿਆ ਕਰਨਾ, ਜੇਕਰ ਇਹ ਕਾਨੂੰਨਾਂ, ਆਰਡੀਨੈਂਸਾਂ ਅਤੇ ਵਿਨਿਯਮਾਂ ਦੇ ਉਪਬੰਧਾਂ ਦੇ ਅਨੁਸਾਰ ਨਹੀਂ ਹਨ;<br>(c) ਯੂਨੀਵਰਸਿਟੀ ਦੇ ਬਜਟ ਅਤੇ ਸਾਲਾਨਾ ਰਿਪੋਰਟ ਨੂੰ ਪ੍ਰਵਾਨਗੀ ਦੇਣਾ;<br>(d) ਯੂਨੀਵਰਸਿਟੀ ਦੁਆਰਾ ਅਪਣਾਈਆਂ ਜਾਣ ਵਾਲੀਆਂ ਵਿਆਪਕ ਨੀਤੀਆਂ ਨਿਰਧਾਰਤ ਕਰਨਾ; ਅਤੇ<br>(e) ਅਜਿਹੀਆਂ ਹੋਰ ਸ਼ਕਤੀਆਂ ਦੀ ਵਰਤੋਂ ਕਰਨਾ, ਜੋ ਕਾਨੂੰਨਾਂ ਦੁਆਰਾ ਨਿਰਧਾਰਤ ਕੀਤੀਆਂ ਜਾ ਸਕਦੀਆਂ ਹਨ।<br>(3) ਗਵਰਨਿੰਗ ਬਾਡੀ ਇੱਕ ਕੈਲੰਡਰ ਸਾਲ ਵਿੱਚ ਘੱਟੋ-ਘੱਟ ਦੋ ਵਾਰ ਮਿਲੇਗੀ।<br>(4) ਗਵਰਨਿੰਗ ਬਾਡੀ ਦੀ ਮੀਟਿੰਗ ਲਈ ਕੋਰਮ ਪੰਜ ਹੋਵੇਗਾ। | |

| | | |
|---|---|---|
| ਪ੍ਰਬੰਧਨ ਬੋਰਡ। | 16. (1) ਪ੍ਰਬੰਧਨ ਬੋਰਡ ਵਿੱਚ ਹੇਠ ਲਿਖੇ ਮੈਂਬਰ ਹੋਣਗੇ, ਅਰਥਾਤ: | |
| | (a) ਚਾਂਸਲਰ; | |
| | (b) ਵਾਈਸ-ਚਾਂਸਲਰ; | ਚੇਅਰਪਰਸਨ |
| | (c) ਸੋਸਾਇਟੀ ਦੁਆਰਾ ਨਾਮਜ਼ਦ ਪ੍ਰਬੰਧਕ ਸਭਾ ਦੇ ਦੋ ਮੈਂਬਰ; | ਮੈਂਬਰ |
| | (d) ਸੋਸਾਇਟੀ ਦੁਆਰਾ ਨਾਮਜ਼ਦ ਤਿੰਨ ਵਿਅਕਤੀ ਜੋ ਪ੍ਰਬੰਧਕ ਸਭਾ ਦੇ ਮੈਂਬਰ ਨਹੀਂ ਹਨ; | ਮੈਂਬਰ |

| | | |
|---|---|---|
| | (e) ਸੋਸਾਇਟੀ ਦੁਆਰਾ ਨਾਮਜ਼ਦ ਅਧਿਆਪਕਾਂ ਵਿੱਚੋਂ ਦੋ ਵਿਅਕਤੀ;<br>(f) ਡਾਇਰੈਕਟਰ, ਉੱਚ ਸਿੱਖਿਆ ਵਿਭਾਗ, ਪੰਜਾਬ ਰਾਜ ਸਰਕਾਰ ਦੇ ਪ੍ਰਤੀਨਿਧੀ ਵਜੋਂ; ਅਤੇ<br>(g) ਵਾਈਸ-ਚਾਂਸਲਰ ਦੁਆਰਾ ਨਾਮਜ਼ਦ ਦੋ ਅਧਿਆਪਕ।<br>(2) ਪ੍ਰਬੰਧਨ ਬੋਰਡ ਅਜਿਹੀਆਂ ਸ਼ਕਤੀਆਂ ਦੀ ਵਰਤੋਂ ਕਰੇਗਾ ਅਤੇ ਅਜਿਹੇ ਕਾਰਜ ਕਰੇਗਾ, ਜਿਵੇਂ ਕਿ ਨਿਰਧਾਰਤ ਕੀਤਾ ਜਾ ਸਕਦਾ ਹੈ।<br>(3) ਪ੍ਰਬੰਧਨ ਬੋਰਡ ਦੀ ਮੀਟਿੰਗ ਇੱਕ ਕੈਲੰਡਰ ਸਾਲ ਵਿੱਚ ਘੱਟੋ-ਘੱਟ ਦੋ ਵਾਰ ਹੋਵੇਗੀ।<br>(4) ਪ੍ਰਬੰਧਨ ਬੋਰਡ ਦੀ ਮੀਟਿੰਗ ਲਈ ਕੋਰਮ ਪੰਜ ਹੋਵੇਗਾ। | ਮੈਂਬਰ<br>ਮੈਂਬਰ<br>ਮੈਂਬਰ<br><br>ਮੈਂਬਰ |
| ਅਕਾਦਮਿਕ ਕੌਂਸਲ | 17. (1) ਅਕਾਦਮਿਕ ਕੌਂਸਲ ਵਿੱਚ ਹੇਠ ਲਿਖੇ ਮੈਂਬਰ ਸ਼ਾਮਲ ਹੋਣਗੇ, ਅਰਥਾਤ: -<br>(a) ਵਾਈਸ-ਚਾਂਸਲਰ;<br>(b) ਰਾਜ ਸਰਕਾਰ ਦੁਆਰਾ ਆਪਣੇ ਪ੍ਰਤੀਨਿਧੀ ਵਜੋਂ ਨਾਮਜ਼ਦ ਇੱਕ ਪ੍ਰਸਿੱਧ ਸਿੱਖਿਆ ਸ਼ਾਸਤਰੀ; ਅਤੇ<br>(c) ਅਜਿਹੇ ਹੋਰ ਮੈਂਬਰ, ਜਿਵੇਂ ਕਿ ਨਿਰਧਾਰਤ ਕੀਤਾ ਜਾ ਸਕਦਾ ਹੈ।<br>(2) ਅਕਾਦਮਿਕ ਕੌਂਸਲ ਯੂਨੀਵਰਸਿਟੀ ਦੀ ਪ੍ਰਮੁੱਖ ਅਕਾਦਮਿਕ ਸੰਸਥਾ ਹੋਵੇਗੀ ਅਤੇ ਇਹ ਇਸ ਐਕਟ ਦੇ ਉਪਬੰਧਾਂ, ਕਾਨੂੰਨਾਂ, ਆਰਡੀਨੈਂਸਾਂ ਅਤੇ ਨਿਯਮਾਂ ਦੇ ਅਧੀਨ, ਯੂਨੀਵਰਸਿਟੀ ਦੀਆ ਅਕਾਦਮਿਕ ਨੀਤੀਆਂ ਦਾ ਤਾਲਮੇਲ ਅਤੇ ਆਮ ਨਿਗਰਾਨੀ ਕਰੇਗੀ।<br>(3) ਅਕਾਦਮਿਕ ਕੌਂਸਲ ਦੀ ਮੀਟਿੰਗ ਲਈ ਕੋਰਮ ਉਹੀ ਹੋਵੇਗਾ, ਜਿਵੇਂ ਨਿਰਧਾਰਤ ਕੀਤਾ ਜਾਵੇ। | ਚੇਅਰਪਰਸਨ<br>ਮੈਂਬਰ<br><br>ਮੈਂਬਰ |
| ਵਿੱਤ ਕਮੇਟੀ | 18. (1) ਵਿੱਤ ਕਮੇਟੀ ਵਿੱਚ ਹੇਠ ਲਿਖੇ ਮੈਂਬਰ ਹੋਣਗੇ, ਅਰਥਾਤ: -<br>(i) ਵਾਈਸ-ਚਾਂਸਲਰ;<br>(ii) ਡੀਨ ਅਕਾਦਮਿਕ ਮਾਮਲੇ;<br>(iii) ਰਜਿਸਟਰਾਰ;<br>(iv) ਸੋਸਾਇਟੀ ਦੁਆਰਾ ਨਾਮਜ਼ਦ ਦੋ ਵਿਅਕਤੀ ਜਿਨ੍ਹਾਂ ਵਿੱਚੋਂ ਇੱਕ ਵਿੱਤੀ ਮਾਹਰ ਹੋਵੇਗਾ; ਅਤੇ<br>(v) ਮੁੱਖ ਵਿੱਤ ਅਤੇ ਲੇਖਾ ਅਧਿਕਾਰੀ।<br>(2) ਸੁਸਾਇਟੀ ਦੁਆਰਾ ਨਾਮਜ਼ਦ ਮੈਂਬਰ ਦੋ ਸਾਲਾਂ ਦੀ ਮਿਆਦ ਲਈ ਅਹੁਦੇ 'ਤੇ ਰਹਿਣਗੇ। | ਚੇਅਰਪਰਸਨ<br>ਮੈਂਬਰ<br>ਮੈਂਬਰ<br>ਮੈਂਬਰ<br><br>ਮੈਂਬਰ ਸਕੱਤਰ |
| ਵਿੱਤ ਕਮੇਟੀ ਦੇ ਕੰਮ | 19. (I) ਮੁੱਖ ਲੇਖਾ ਅਤੇ ਵਿੱਤ ਅਧਿਕਾਰੀ ਯੂਨੀਵਰਸਿਟੀ ਦਾ ਸਾਲਾਨਾ ਬਜਟ ਲੋੜੀਂਦੇ ਦਸਤਾਵੇਜ਼ਾਂ ਸਮੇਤ ਤਿਆਰ ਕਰਵਾਉਣਗੇ ਅਤੇ ਉਸਨੂੰ ਵਿੱਤ ਕਮੇਟੀ ਨੂੰ ਪ੍ਰਵਾਨਗੀ ਲਈ ਪੇਸ਼ ਕਰਨਗੇ। ਮੁੱਖ ਲੇਖਾ ਅਤੇ ਵਿੱਤ ਅਧਿਕਾਰੀ ਯੂਨੀਵਰਸਿਟੀ ਦੀ ਸਾਲਾਨਾ ਆਮਦਨ ਅਤੇ ਖਰਚ ਦਾ ਲੇਖਾ ਵੀ ਤਿਆਰ ਕਰਵਾਉਣਗੇ ਅਤੇ ਇਸ ਸਬੰਧ ਵਿੱਚ ਵਿੱਤ ਕਮੇਟੀ ਦੁਆਰਾ ਨਿਯੁਕਤ ਕੀਤੇ ਗਏ ਚਾਰਟਰਡ ਅਕਾਊਂਟੈਂਟ ਤੋਂ ਉਸਦਾ ਆਡਿਟ ਵੀ ਕਰਵਾਉਣਗੇ।<br>(2) ਵਿੱਤ ਕਮੇਟੀ ਦੁਆਰਾ ਪ੍ਰਵਾਨਿਤ ਬਜਟ, ਯੂਨੀਵਰਸਿਟੀ ਦੀ ਆਮਦਨ ਅਤੇ ਖਰਚ ਦੇ ਆਡਿਟ ਸੰਬੰਧੀ ਨੋਟ ਦੇ ਨਾਲ, ਜਿਸਦਾ ਹਵਾਲਾ ਉਪ-ਧਾਰਾ (1) ਵਿੱਚ ਦਿੱਤਾ ਗਿਆ ਹੈ, ਨੂੰ ਚਾਂਸਲਰ ਦੇ ਸਾਹਮਣੇ ਪ੍ਰਵਾਨਗੀ ਲਈ ਰੱਖਿਆ ਜਾਵੇਗਾ।<br>(3) ਵਿੱਤ ਕਮੇਟੀ ਯੂਨੀਵਰਸਿਟੀ ਦੇ ਵਿੱਤੀ ਮਾਮਲਿਆਂ ਤੇ ਚਾਂਸਲਰ ਨੂੰ ਸਲਾਹ ਦੇਵੇਗੀ। | |
| ਹੋਰ ਅਧਿਕਾਰੀ | 20. ਧਾਰਾ 14 ਦੇ ਸੈਕਸ਼ਨ (v) ਅਧੀਨ ਅਧਿਕਾਰੀਆਂ ਦੀ ਬਣਤਰ, ਸੰਵਿਧਾਨ, ਸ਼ਕਤੀਆਂ ਅਤੇ ਕਾਰਜ ਅਜਿਹੇ ਹੋਣਗੇ, ਜਿਵੇਂ ਕਿ ਨਿਰਧਾਰਤ ਕੀਤਾ ਜਾਵੇ। | |
| ਕਿਸੇ ਅਥਾਰਟੀ ਜਾਂ ਸੰਸਥਾ ਦੀ ਮੈਂਬਰਸ਼ਿਪ ਲਈ ਅਯੋਗਤਾ। | 21. ਕੋਈ ਵਿਅਕਤੀ ਯੂਨੀਵਰਸਿਟੀ ਦੀਆਂ ਕਿਸੇ ਵੀ ਅਥਾਰਟੀਆਂ ਜਾਂ ਸੰਸਥਾਵਾਂ ਦਾ ਮੈਂਬਰ ਹੋਣ ਲਈ ਅਯੋਗ ਹੋਵੇਗਾ, ਜੇਕਰ ਉਹ -<br>(i) ਉਹ ਦਿਮਾਗੀ ਤੌਰ 'ਤੇ ਠੀਕ ਨਹੀਂ ਹੈ ਅਤੇ ਕਿਸੇ ਸਮਰੱਥ ਅਦਾਲਤ ਦੁਆਰਾ ਇਸ ਤਰ੍ਹਾਂ ਐਲਾਨਿਆ ਗਿਆ ਹੈ; ਜਾਂ<br>(ii) ਇੱਕ ਅਣ-ਡਿਸਚਾਰਜਡ ਦੀਵਾਲੀਆ ਹੈ; ਜਾਂ<br>(iii) ਨੈਤਿਕ ਗਿਰਾਵਟ ਵਾਲੇ ਕਿਸੇ ਵੀ ਅਪਰਾਧ ਲਈ ਦੋਸ਼ੀ ਠਹਿਰਾਇਆ ਗਿਆ ਹੋਵੇ; ਜਾਂ<br>(iv) ਕਿਸੇ ਵੀ ਰੂਪ ਵਿੱਚ ਅਤੇ ਕਿਤੇ ਵੀ ਕਿਸੇ ਵੀ ਪ੍ਰੀਖਿਆ ਦੇ ਸੰਚਾਲਨ ਵਿੱਚ ਅਨੁਚਿਤ | |

| | | |
|---|---|---|
| | ਵਿਵਹਾਰ ਵਿੱਚ ਸ਼ਾਮਲ ਹੋਣ ਜਾਂ ਉਸਨੂੰ ਉਤਸ਼ਾਹਿਤ ਕਰਨ ਲਈ ਸਜ਼ਾ ਦਿੱਤੀ ਗਈ ਹੋਵੇ। | |
| ਅਸਾਮੀਆਂ ਖਾਲੀ ਹੋਣ ਕਾਰਨ ਐਕਟ ਜਾਂ ਕਾਰਵਾਈਆਂ ਨੂੰ ਅਯੋਗ ਨਹੀਂ ਕੀਤਾ ਜਾਵੇਗਾ। | 22. ਇਸ ਐਕਟ ਅਧੀਨ ਯੂਨੀਵਰਸਿਟੀ ਦੇ ਕਿਸੇ ਵੀ ਅਧਿਕਾਰੀ ਜਾਂ ਹੋਰ ਸੰਸਥਾ ਦੁਆਰਾ ਕੀਤਾ ਗਿਆ ਕੋਈ ਵੀ ਕੰਮ ਜਾਂ ਕੀਤੀ ਗਈ ਕਾਰਵਾਈ ਸਿਰਫ਼ ਇਸ ਆਧਾਰ 'ਤੇ ਅਵੈਧ ਨਹੀਂ ਹੋਵੇਗੀ ਕਿ -<br>(a) ਅਥਾਰਟੀ ਜਾਂ ਸੰਸਥਾ ਦੇ ਗਠਨ ਵਿੱਚ ਕੋਈ ਖਾਲੀ ਥਾਂ ਜਾਂ ਨੁਕਸ; ਜਾਂ<br>(b) ਇਸ ਦੇ ਮੈਂਬਰ ਵਜੋਂ ਕੰਮ ਕਰਨ ਵਾਲੇ ਵਿਅਕਤੀ ਦੀ ਨਾਮਜ਼ਦਗੀ ਜਾਂ ਨਿਯੁਕਤੀ ਵਿੱਚ ਕੋਈ ਨੁਕਸ ਜਾਂ ਬੇਨਿਯਮੀਆਂ; ਜਾਂ<br>(c) ਅਜਿਹੇ ਕਾਰਜ ਜਾਂ ਕਾਰਵਾਈ ਵਿੱਚ ਕੋਈ ਨੁਕਸ ਜਾਂ ਬੇਨਿਯਮੀਆਂ ਜੋ ਕੇਸ ਦੇ ਗੁਣ-ਦੋਸ਼ ਨੂੰ ਪ੍ਰਭਾਵਤ ਨਾ ਕਰੇ। | |
| ਆਉਣ ਵਾਲੀਆਂ ਖਾਲੀ ਅਸਾਮੀਆਂ ਨੂੰ ਭਰਨਾ। | (23) ਜੇਕਰ ਯੂਨੀਵਰਸਿਟੀ ਦੇ ਕਿਸੇ ਵੀ ਅਥਾਰਟੀ ਜਾਂ ਸੰਸਥਾ ਵਿੱਚ ਕਿਸੇ ਮੈਂਬਰ ਦੀ ਮੌਤ, ਅਸਤੀਫ਼ਾ ਜਾਂ ਹਟਾਏ ਜਾਣ ਕਾਰਨ ਜਾਂ ਉਸ ਦੀ ਨਿਯੁਕਤੀ ਜਾਂ ਨਾਮਜ਼ਦਗੀ ਦੀ ਸਮਰੱਥਾ ਵਿੱਚ ਤਬਦੀਲੀ ਕਾਰਨ ਕੋਈ ਅਸਾਮੀ ਖਾਲੀ ਹੁੰਦੀ ਹੈ, ਜਿਸ ਵਿਚ ਉਸਨੂੰ ਨਿਯੁਕਤ ਜਾਂ ਨਾਮਜ਼ਦ ਕੀਤਾ ਗਿਆ ਸੀ, ਤਾਂ ਉਸਨੂੰ ਉਸ ਅਥਾਰਟੀ ਜਾਂ ਸੰਸਥਾ ਦੁਆਰਾ ਜਿੰਨੀ ਜਲਦੀ ਹੋ ਸਕੇ ਭਰਿਆ ਜਾਵੇਗਾ, ਜਿਸਨੇ ਅਜਿਹੇ ਮੈਂਬਰ ਨੂੰ ਨਿਯੁਕਤ ਜਾਂ ਨਾਮਜ਼ਦ ਕੀਤਾ ਸੀ:<br>ਪ੍ਰੰਤੂ ਇਹ ਕਿ ਯੂਨੀਵਰਸਿਟੀ ਦੀ ਕਿਸੇ ਵੀ ਅਥਾਰਟੀ ਜਾਂ ਸੰਸਥਾ ਦੇ ਮੈਂਬਰ ਵਜੋਂ ਕਿਸੇ ਆਉਣ ਵਾਲੀਆਂ ਖਾਲੀ ਅਸਾਮੀ 'ਤੇ ਨਿਯੁਕਤ ਜਾਂ ਨਾਮਜ਼ਦ ਵਿਅਕਤੀ, ਅਜਿਹੀ ਅਥਾਰਟੀ ਜਾਂ ਸੰਸਥਾ ਦਾ ਮੈਂਬਰ ਸਿਰਫ਼ ਉਸ ਮੈਂਬਰ ਦੇ ਬਾਕੀ ਰਹਿੰਦੇ ਕਾਰਜ ਕਾਲ ਲਈ ਹੀ ਰਹੇਗਾ, ਜਿਸ ਦੀ ਥਾਂ 'ਤੇ ਉਸ ਨੂੰ, ਜਿਵੇਂ ਵੀ ਮਾਮਲਾ ਹੋਵੇ, ਨਿਯੁਕਤ ਜਾਂ ਨਾਮਜ਼ਦ ਕੀਤਾ ਗਿਆ ਹੋਵੇ, | |
| ਕਮੇਟੀਆਂ | 24. ਯੂਨੀਵਰਸਿਟੀ ਦੀ ਅਥਾਰਟੀ ਜਾਂ ਅਧਿਕਾਰੀ ਅਜਿਹੀਆਂ ਕਮੇਟੀਆਂ ਦਾ ਗਠਨ ਕਰ ਸਕਦੇ ਹਨ ਜੋ ਅਜਿਹੀਆਂ ਕਮੇਟੀਆਂ ਦੁਆਰਾ ਖਾਸ ਕਾਰਜ ਕਰਨ ਲਈ ਜ਼ਰੂਰੀ ਹੋਣ। ਅਜਿਹੀਆਂ ਕਮੇਟੀਆਂ ਦਾ ਗਠਨ ਅਤੇ ਉਨ੍ਹਾਂ ਦੇ ਕਰਤੱਵ ਅਜਿਹੇ ਹੋਣਗੇ, ਜਿਵੇਂ ਨਿਰਧਾਰਤ ਕੀਤਾ ਜਾਵੇ। | |
| ਕਾਨੂੰਨ ਬਣਾਉਣ ਦੀ ਸ਼ਕਤੀ | 25. (1) ਪ੍ਰਬੰਧਕ ਸਭਾ, ਸਮੇਂ-ਸਮੇਂ 'ਤੇ, ਕਾਨੂੰਨ ਬਣਾ ਸਕਦੀ ਹੈ ਜਾਂ ਉਨ੍ਹਾਂ ਵਿਚ ਸੋਧ ਜਾਂ ਰੱਦ ਕਰ ਸਕਦੀ ਹੈ।<br>(2) ਕਿਸੇ ਵੀ ਕਾਨੂੰਨ ਜਾਂ ਉਸ ਵਿਚ ਵਿਚ ਕੀਤੀ ਗਈ ਸੋਧ ਜਾਂ ਉਸ ਦੇ ਰੱਦ ਕਰਨ ਲਈ, ਚਾਂਸਲਰ ਦੀ ਪ੍ਰਵਾਨਗੀ ਦੀ ਲੋੜ ਹੋਵੇਗੀ।<br>(3) ਇਸ ਐਕਟ ਦੇ ਉਪਬੰਧਾਂ ਦੇ ਅਧੀਨ, ਕਾਨੂੰਨ ਹੇਠ ਲਿਖੇ ਮਾਮਲਿਆਂ ਲਈ ਪ੍ਰਬੰਧ ਕਰ ਸਕਦੇ ਹਨ, ਅਰਥਾਤ: -<br>(i) ਯੂਨੀਵਰਸਿਟੀ ਦੇ ਅਧਿਕਾਰੀਆਂ ਅਤੇ ਹੋਰ ਸੰਸਥਾਵਾਂ ਦੇ ਗਠਨ, ਸ਼ਕਤੀਆਂ ਅਤੇ ਕਾਰਜ, ਜਿਵੇਂ ਕਿ ਸਮੇਂ ਸਮੇਂ ਤੇ ਗਠਿਤ ਕੀਤਾ ਜਾ ਸਕਦਾ ਹੈ;<br>(ii) ਵਾਈਸ-ਚਾਂਸਲਰ ਦੀ ਨਿਯੁਕਤੀ ਦੀਆਂ ਸ਼ਰਤਾਂ ਅਤੇ ਨਿਯਮ ਅਤੇ ਉਸ ਦੀਆਂ ਸ਼ਕਤੀਆਂ ਅਤੇ ਕਾਰਜ;<br>(iii) ਰਜਿਸਟਰਾਰ ਅਤੇ ਮੁੱਖ ਵਿੱਤ ਅਤੇ ਲੇਖਾ ਅਧਿਕਾਰੀ ਦੀ ਨਿਯੁਕਤੀ ਦੇ ਢੰਗ, ਨਿਯਮ ਅਤੇ ਸ਼ਰਤਾ ਅਤੇ ਉਨ੍ਹਾਂ ਦੀਆਂ ਸ਼ਕਤੀਆਂ ਅਤੇ ਕਾਰਜ;<br>(iv) ਹੋਰ ਅਧਿਕਾਰੀਆਂ ਅਤੇ ਅਧਿਆਪਕਾਂ ਦੀ ਨਿਯੁਕਤੀ ਦੇ ਢੰਗ, ਨਿਯਮ ਅਤੇ ਸ਼ਰਤਾ ਅਤੇ ਉਨ੍ਹਾਂ ਦੀਆਂ ਸ਼ਕਤੀਆਂ ਅਤੇ ਕਾਰਜ;<br>(v) ਯੂਨੀਵਰਸਿਟੀ ਦੇ ਕਰਮਚਾਰੀਆਂ ਦੀਆਂ ਸੇਵਾ ਦੀਆਂ ਸ਼ਰਤਾਂ ਅਤੇ ਨਿਯਮ;<br>(vi) ਯੂਨੀਵਰਸਿਟੀ, ਅਧਿਕਾਰੀਆਂ, ਅਧਿਆਪਕਾਂ, ਕਰਮਚਾਰੀਆਂ ਅਤੇ ਵਿਦਿਆਰਥੀਆਂ ਵਿਚਕਾਰ ਝਗੜੇ ਦੀ ਸਥਿਤੀ ਵਿੱਚ ਸਾਲਸੀ ਦੀ ਪ੍ਰਕਿਰਿਆ;<br>(vii) ਆਨਰੇਰੀ ਡਿਗਰੀਆਂ ਪ੍ਰਦਾਨ ਕਰਨਾ;<br>(viii) ਵਿਦਿਆਰਥੀਆਂ ਨੂੰ ਟਿਊਸ਼ਨ ਫੀਸ ਦੇ ਭੁਗਤਾਨ ਤੋਂ ਛੋਟ ਦੇਣਾ ਅਤੇ ਉਨ੍ਹਾਂ ਨੂੰ ਸਕਾਲਰਸ਼ਿਪ ਅਤੇ ਫੈਲੋਸ਼ਿਪ ਪ੍ਰਦਾਨ ਕਰਨਾ;<br>(ix) ਪੰਜਾਬ ਪ੍ਰਾਈਵੇਟ ਯੂਨੀਵਰਸਿਟੀ ਨੀਤੀ, 2010 ਦੀ ਧਾਰਾ 9 ਨੂੰ ਧਿਆਨ ਵਿੱਚ ਰੱਖਦੇ ਹੋਏ, ਸੀਟਾਂ ਦੇ ਰਾਖਵੇਂ ਕਰਨ ਦੇ ਨਿਯਮ ਸਮੇਤ ਦਾਖਲਿਆਂ ਦੀ ਨੀਤੀ;<br>(x) ਵੱਖ-ਵੱਖ ਕੋਰਸਾਂ ਵਿੱਚ ਸੀਟਾਂ ਦੀ ਗਿਣਤੀ; ਅਤੇ | |

| | | |
|---|---|---|
| | (xi) ਹੋਰ ਸਾਰੇ ਮਾਮਲੇ ਜਿਨ੍ਹਾਂ ਲਈ ਇਸ ਐਕਟ ਅਧੀਨ ਕਾਨੂੰਨ ਬਣਾਏ ਜਾਣੇ ਜ਼ਰੂਰੀ ਹਨ।<br>(4) ਚਾਂਸਲਰ ਦੀ ਪ੍ਰਵਾਨਗੀ ਤੋਂ ਬਾਅਦ, ਯੂਨੀਵਰਸਿਟੀ ਦੇ ਕਾਨੂੰਨ ਰਾਜ ਸਰਕਾਰ ਨੂੰ ਪ੍ਰਵਾਨਗੀ ਲਈ ਪੇਸ਼ ਕੀਤੇ ਜਾਣਗੇ।<br>(5) ਰਾਜ ਸਰਕਾਰ ਯੂਨੀਵਰਸਿਟੀ ਦੁਆਰਾ ਪੇਸ਼ ਕੀਤੇ ਗਏ ਕਾਨੂੰਨਾਂ 'ਤੇ ਵਿਚਾਰ ਕਰੇਗੀ ਅਤੇ ਜ਼ਰੂਰੀ ਸਮਝੇ ਜਾਣ ਤੇ ਬਿਨਾ ਕਿਸੇ ਸੋਧ ਤੋਂ ਜਾਂ ਸੋਧਾਂ ਸਮੇਤ, ਜੇ ਕੋਈ ਹੋਣ, ਆਪਣੀ ਪ੍ਰਵਾਨਗੀ ਦੇਵੇਗੀ ਅਤੇ ਕਾਨੂੰਨਾਂ ਨੂੰ ਯੂਨੀਵਰਸਿਟੀ ਨੂੰ ਵਾਪਸ ਕਰ ਦੇਵੇਗੀ।<br>(6) ਯੂਨੀਵਰਸਿਟੀ, ਗਵਰਨਿੰਗ ਬਾਡੀ ਦੀ ਪ੍ਰਵਾਨਗੀ ਨਾਲ, ਰਾਜ ਸਰਕਾਰ ਦੁਆਰਾ ਪ੍ਰਵਾਨਿਤ ਕਾਨੂੰਨਾਂ ਪ੍ਰਤੀ ਆਪਣੀ ਸਹਿਮਤੀ ਦੱਸੇਗੀ, ਅਤੇ ਜੇਕਰ ਇਹ ਰਾਜ ਸਰਕਾਰ ਦੁਆਰਾ ਕੀਤੀਆਂ ਗਈਆਂ ਕਿਸੇ ਵੀ ਜਾਂ ਸਾਰੀਆਂ ਸੋਧਾਂ ਨੂੰ ਪ੍ਰਭਾਵੀ ਨਹੀਂ ਬਣਾਉਣਾ ਚਾਹੁੰਦੀ, ਤਾਂ ਉਹ ਇਸ ਲਈ ਕਾਰਨ ਦੱਸ ਸਕਦੀ ਹੈ।<br>(7) ਰਾਜ ਸਰਕਾਰ ਦੁਆਰਾ ਇਨ੍ਹਾਂ ਕਾਨੂੰਨਾਂ ਨੂੰ ਅੰਤਿਮ ਰੂਪ ਨਾਲ ਪ੍ਰਵਾਨਗੀ ਦੇਣ ਤੋਂ ਬਾਅਦ ਇਹਨਾਂ ਨੂੰ ਯੂਨੀਵਰਸਿਟੀ ਦੇ ਅਧਿਕਾਰਤ ਗਜ਼ਟ ਵਿੱਚ ਪ੍ਰਕਾਸ਼ਿਤ ਕੀਤਾ ਜਾਵੇਗਾ।<br>(8) ਇਸ ਤਰ੍ਹਾਂ ਬਣਾਏ ਗਏ ਕਾਨੂੰਨਾਂ ਨੂੰ ਰਾਜ ਸਰਕਾਰ ਦੀ ਪ੍ਰਵਾਨਗੀ ਤੋਂ ਬਿਨਾਂ ਸੋਧਿਆ ਨਹੀਂ ਜਾਵੇਗਾ। | |
| ਆਰਡੀਨੈਂਸ ਬਣਾਉਣ ਦੀ ਸ਼ਕਤੀ। | 26. (1) ਪ੍ਰਬੰਧਕ ਸਤਾ ਸਮੇਂ-ਸਮੇਂ 'ਤੇ ਆਰਡੀਨੈਂਸ ਬਣਾ ਸਕਦੀ ਹੈ ਜਾਂ ਉਹਨਾਂ ਵਿੱਚ ਸੋਧ ਕਰ ਸਕਦੀ ਹੈ, ਜਾਂ ਰੱਦ ਕਰ ਸਕਦੀ ਹੈ।<br>(2) ਹਰੇਕ ਆਰਡੀਨੈਂਸ ਜਾਂ ਉਸ ਵਿੱਚ ਕੀਤੀ ਗਈ ਕਿਸੇ ਵੀ ਸੋਧ ਜਾਂ ਉਸ ਨੂੰ ਰੱਦ ਕਰਨ ਲਈ, ਚਾਂਸਲਰ ਦੀ ਪ੍ਰਵਾਨਗੀ ਜ਼ਰੂਰੀ ਹੋਵੇਗੀ।<br>(3) ਇਸ ਐਕਟ ਅਤੇ ਕਾਨੂੰਨਾਂ ਦੇ ਉਪਬੰਧਾਂ ਦੇ ਅਧੀਨ, ਆਰਡੀਨੈਂਸ ਹੇਠ ਲਿਖੇ ਮਾਮਲਿਆਂ ਲਈ ਪ੍ਰਬੰਧ ਕਰ ਸਕਦੀ ਹੈ, ਅਰਥਾਤ: -<br>(i) ਯੂਨੀਵਰਸਿਟੀ ਵਿੱਚ ਵਿਦਿਆਰਥੀਆਂ ਦਾ ਦਾਖਲਾ ਅਤੇ ਉਨ੍ਹਾਂ ਦੀ ਨਾਮਜ਼ਦਗੀ;<br>(ii) ਯੂਨੀਵਰਸਿਟੀ ਦੀਆਂ ਡਿਗਰੀਆਂ, ਡਿਪਲੋਮਿਆਂ ਅਤੇ ਸਰਟੀਫਿਕੇਟਾਂ ਲਈ ਨਿਰਧਾਰਤ ਕੀਤੇ ਜਾਣ ਵਾਲੇ ਅਧਿਐਨ ਦੇ ਕੋਰਸ;<br>(iii) ਡਿਗਰੀਆਂ, ਡਿਪਲੋਮੇ, ਸਰਟੀਫਿਕੇਟ ਅਤੇ ਹੋਰ ਅਕਾਦਮਿਕ ਪ੍ਰਾਪਤੀਆਂ;<br>(iv) ਯੂਨੀਵਰਸਿਟੀ ਦੇ ਵੱਖ-ਵੱਖ ਕੋਰਸਾਂ, ਪ੍ਰੀਖਿਆਵਾਂ, ਡਿਗਰੀਆਂ ਅਤੇ ਡਿਪਲੋਮਿਆਂ ਵਾਸਤੇ ਲਈਆਂ ਜਾਣ ਵਾਲੀਆਂ ਫੀਸਾਂ;<br>(v) ਫੈਲੋਸ਼ਿਪਾਂ, ਸਕਾਲਰਸ਼ਿਪਾਂ, ਵਿਦਿਆਰਥੀਆਂ, ਮੈਡਲਾਂ ਅਤੇ ਇਨਾਮਾਂ ਦੇ ਪੁਰਸਕਾਰ ਪ੍ਰਦਾਨ ਕਰਨ ਦੀਆਂ ਸ਼ਰਤਾਂ;<br>(vi) ਪ੍ਰੀਖਿਆਵਾਂ ਦਾ ਸੰਚਾਲਨ, ਜਿਸ ਵਿੱਚ ਦਫ਼ਤਰ ਦੀਆਂ ਸ਼ਰਤਾਂ, ਨਿਯੁਕਤੀ ਦਾ ਤਰੀਕਾ ਅਤੇ ਪ੍ਰੀਖਿਆ ਸੰਸਥਾਵਾਂ, ਪ੍ਰੀਖਿਅਕਾਂ ਅਤੇ ਸੰਚਾਲਕਾਂ ਦੇ ਫਰਜ਼ ਸ਼ਾਮਲ ਹਨ;<br>(vii) ਯੂਨੀਵਰਸਿਟੀ ਵਿੱਚ ਵਿਦਿਆਰਥੀਆਂ ਲਈ ਹੋਸਟਲ ਸਹੂਲਤਾਂ ਦੀਆਂ ਸਥਿਤੀ;<br>(viii) ਯੂਨੀਵਰਸਿਟੀ ਦੇ ਵਿਦਿਆਰਥੀਆਂ ਵਿਰੁੱਧ ਅਨੁਸ਼ਾਸਨੀ ਕਾਰਵਾਈ ਕਰਨਾ;<br>(ix) ਕਿਸੇ ਹੋਰ ਸੰਸਥਾ ਦੀ ਸਿਰਜਣਾ, ਬਣਤਰ ਅਤੇ ਕਾਰਜ, ਜਿਸ ਨੂੰ ਯੂਨੀਵਰਸਿਟੀ ਦੇ ਅਕਾਦਮਿਕ ਮਿਆਰ ਨੂੰ ਸੁਧਾਰਨ ਲਈ ਜ਼ਰੂਰੀ ਸਮਝਿਆ ਜਾਵੇ;<br>(x) ਹੋਰ ਯੂਨੀਵਰਸਿਟੀਆਂ ਅਤੇ ਸੰਸਥਾਵਾਂ ਨਾਲ ਸਹਿਯੋਗ ਅਤੇ ਤਾਲਮੇਲ ਦਾ ਤਰੀਕਾ; ਅਤੇ<br>(xi) ਹੋਰ ਸਾਰੇ ਮਾਮਲੇ ਜੋ ਇਸ ਐਕਟ ਜਾਂ ਇਸਦੇ ਅਧੀਨ ਬਣਾਏ ਗਏ ਕਾਨੂੰਨਾਂ ਦੁਆਰਾ ਆਰਡੀਨੈਂਸਾਂ ਦੁਆਰਾ ਪ੍ਰਦਾਨ ਕੀਤੇ ਜਾਣੇ ਜ਼ਰੂਰੀ ਹਨ।<br>(4) ਚਾਂਸਲਰ ਦੀ ਪ੍ਰਵਾਨਗੀ ਤੋਂ ਬਾਅਦ, ਯੂਨੀਵਰਸਿਟੀ ਦੇ ਆਰਡੀਨੈਂਸ ਰਾਜ ਸਰਕਾਰ ਨੂੰ ਪ੍ਰਵਾਨਗੀ ਲਈ ਪੇਸ਼ ਕੀਤੇ ਜਾਣਗੇ।<br>(5) ਰਾਜ ਸਰਕਾਰ ਯੂਨੀਵਰਸਿਟੀ ਦੁਆਰਾ ਪੇਸ਼ ਕੀਤੇ ਗਏ ਆਰਡੀਨੈਂਸਾਂ 'ਤੇ ਵਿਚਾਰ ਕਰੇਗੀ ਅਤੇ ਅਜਿਹੀਆਂ ਸੋਧਾਂ ਤੋਂ ਬਿਨਾਂ ਜਾਂ ਉਹਨਾਂ ਨਾਲ, ਜੇਕਰ ਕੋਈ ਹੋਣ, ਜਿਵੇਂ ਉਹ ਜ਼ਰੂਰੀ ਸਮਝੇ, ਆਪਣੀ ਪ੍ਰਵਾਨਗੀ ਦੇਵੇਗੀ ਅਤੇ ਉਸ ਨੂੰ ਯੂਨੀਵਰਸਿਟੀ ਨੂੰ ਵਾਪਸ ਭੇਜ ਦੇਵੇਗੀ।<br>(6) ਯੂਨੀਵਰਸਿਟੀ, ਗਵਰਨਿੰਗ ਬਾਡੀ ਦੀ ਪ੍ਰਵਾਨਗੀ ਨਾਲ, ਰਾਜ ਸਰਕਾਰ ਦੁਆਰਾ ਪ੍ਰਵਾਨਿਤ ਆਰਡੀਨੈਂਸਾਂ ਤੇ ਆਪਣੀ ਸਹਿਮਤੀ ਦੱਸੇਗੀ ਅਤੇ ਜੇਕਰ ਉਹ ਰਾਜ ਸਰਕਾਰ | |

| | | |
|---|---|---|
| | ਦੁਆਰਾ ਕੀਤੀਆਂ ਗਈਆਂ ਕਿਸੇ ਵੀ ਜਾ ਸਾਰੀਆਂ ਸੋਧਾਂ ਨੂੰ ਪ੍ਰਭਾਵੀ ਨਹੀਂ ਬਣਾਉਣਾ ਚਾਹੁੰਦੀ, ਤਾਂ ਉਹ ਇਸ ਲਈ ਕਾਰਨ ਦੱਸ ਸਕਦੀ ਹੈ।<br>(7) ਰਾਜ ਸਰਕਾਰ ਦੁਆਰਾ ਆਰਡੀਨੈਂਸਾਂ ਨੂੰ ਅੰਤ ਵਿੱਚ ਪ੍ਰਵਾਨਗੀ ਦੇਣ ਤੋਂ ਬਾਅਦ, ਇਹਨਾਂ ਨੂੰ ਯੂਨੀਵਰਸਿਟੀ ਦੇ ਅਧਿਕਾਰਤ ਗਜ਼ਟ ਵਿੱਚ ਪ੍ਰਕਾਸ਼ਿਤ ਕੀਤਾ ਜਾਵੇਗਾ।<br>(8) ਇਸ ਤਰ੍ਹਾਂ ਬਣਾਏ ਗਏ ਆਰਡੀਨੈਂਸਾਂ ਨੂੰ ਰਾਜ ਸਰਕਾਰ ਦੀ ਪ੍ਰਵਾਨਗੀ ਤੋਂ ਬਿਨਾਂ ਸੋਧਿਆ ਨਹੀਂ ਜਾਵੇਗਾ। | |
| ਨਿਯਮ ਬਣਾਉਣ ਦੀ ਸ਼ਕਤੀ। | 27. (1) ਪ੍ਰਬੰਧਕ ਸਭਾ ਸਮੇਂ-ਸਮੇਂ 'ਤੇ ਵਿਨਿਯਮ ਬਣਾ ਸਕਦੀ ਹੈ ਜਾਂ ਉਹਨਾਂ ਵਿੱਚ ਸੋਧ ਕਰ ਸਕਦੀ ਹੈ, ਜਾਂ ਉਹਨਾਂ ਨੂੰ ਰੱਦ ਕਰ ਸਕਦੀ ਹੈ।<br>(2) ਹਰੇਕ ਵਿਨਿਯਮ ਜਾਂ ਉਸ ਵਿੱਚ ਕੀਤੀ ਗਈ ਕਿਸੇ ਵੀ ਸੋਧ ਜਾਂ ਉਸ ਨੂੰ ਰੱਦ ਕਰਨ ਲਈ, ਚਾਂਸਲਰ ਦੀ ਪ੍ਰਵਾਨਗੀ ਜ਼ਰੂਰੀ ਹੋਵੇਗੀ।<br>(3) ਚਾਂਸਲਰ ਦੀ ਪ੍ਰਵਾਨਗੀ ਤੋਂ ਬਾਅਦ, ਯੂਨੀਵਰਸਿਟੀ ਦੇ ਵਿਨਿਯਮ ਰਾਜ ਸਰਕਾਰ ਨੂੰ ਪ੍ਰਵਾਨਗੀ ਹਿਤ ਪੇਸ਼ ਕੀਤੇ ਜਾਣਗੇ।<br>(4) ਰਾਜ ਸਰਕਾਰ ਯੂਨੀਵਰਸਿਟੀ ਦੁਆਰਾ ਪੇਸ਼ ਕੀਤੇ ਗਏ ਨਿਯਮਾਂ 'ਤੇ ਵਿਚਾਰ ਕਰੇਗੀ ਅਤੇ ਬਿਨਾ ਕਿਸੇ ਸੋਧ ਤੋਂ ਜਾਂ ਅਜਿਹੀਆਂ ਸੋਧਾਂ ਨਾਲ, ਜੇਕਰ ਕੋਈ ਹੋਣ, ਜਿਵੇਂ ਉਹ ਜ਼ਰੂਰੀ ਸਮਝੇ, ਆਪਣੀ ਪ੍ਰਵਾਨਗੀ ਦੇਵੇਗੀ ਅਤੇ ਉਸ ਨੂੰ ਯੂਨੀਵਰਸਿਟੀ ਨੂੰ ਭੇਜੇਗੀ।<br>(5) ਯੂਨੀਵਰਸਿਟੀ, ਗਵਰਨਿੰਗ ਬਾਡੀ ਦੀ ਪ੍ਰਵਾਨਗੀ ਨਾਲ, ਰਾਜ ਸਰਕਾਰ ਦੁਆਰਾ ਪ੍ਰਵਾਨਿਤ ਵਿਨਿਯਮਾਂ ਤੇ ਆਪਣੀ ਸਹਿਮਤੀ ਦੱਸੇਗੀ ਅਤੇ ਜੇਕਰ ਉਹ ਰਾਜ ਸਰਕਾਰ ਦੁਆਰਾ ਕੀਤੀ ਗਈ ਕਿਸੇ ਵੀ ਜਾਂ ਸਾਰੀਆਂ ਸੋਧਾਂ ਨੂੰ ਪ੍ਰਭਾਵੀ ਨਹੀਂ ਬਣਾਉਣਾ ਚਾਹੁੰਦਾ, ਤਾਂ ਉਹ ਇਸ ਦੇ ਲਈ ਕਾਰਨ ਦੱਸ ਸਕਦਾ ਹੈ।<br>(6) ਰਾਜ ਸਰਕਾਰ ਦੁਆਰਾ ਵਿਨਿਯਮਾਂ ਨੂੰ ਅੰਤਮ ਰੂਪ ਵਿੱਚ ਪ੍ਰਵਾਨਗੀ ਦੇਣ ਤੋਂ ਬਾਅਦ, ਇਹਨਾਂ ਨੂੰ ਯੂਨੀਵਰਸਿਟੀ ਦੇ ਅਧਿਕਾਰਤ ਗਜ਼ਟ ਵਿੱਚ ਪ੍ਰਕਾਸ਼ਿਤ ਕੀਤਾ ਜਾਵੇਗਾ।<br>(7) ਇਸ ਤਰ੍ਹਾਂ ਬਣਾਏ ਗਏ ਵਿਨਿਯਮਾਂ ਨੂੰ ਰਾਜ ਸਰਕਾਰ ਦੀ ਪ੍ਰਵਾਨਗੀ ਤੋਂ ਬਿਨਾਂ ਸੋਧਿਆ ਨਹੀਂ ਜਾਵੇਗਾ। | |
| ਯੂਨੀਵਰਸਿਟੀ ਨੂੰ ਰੈਗੂਲੇਟਰੀ ਸੰਸਥਾਵਾਂ ਦੇ ਨਿਯਮਾਂ, ਵਿਨਿਯਮਾਂ ਆਦਿ ਦੀ ਪਾਲਣਾ ਕਰਨੀ ਪਵੇਗੀ। | 28. (1) ਯੂਨੀਵਰਸਿਟੀ ਨੂੰ ਯੂਨੀਵਰਸਿਟੀ ਗ੍ਰਾਂਟ ਕਮਿਸ਼ਨ ਜਾਂ ਕੇਂਦਰ ਸਰਕਾਰ ਦੁਆਰਾ ਗਠਿਤ ਉਸ ਦੇ ਸਾਹਮਣੇ ਸੰਸਥਾ ਦੁਆਰਾ ਮਾਨਤਾ ਪ੍ਰਾਪਤ ਨਾ ਹੋਣ ਵਾਲੀ ਕੋਈ ਵੀ ਡਿਗਰੀ ਪ੍ਰਦਾਨ ਕਰਨ ਤੇ ਪਾਬੰਦ ਹੋਵੇਗਾ।<br>(2) ਯੂਨੀਵਰਸਿਟੀ ਲਈ ਯੂਨੀਵਰਸਿਟੀ ਗ੍ਰਾਂਟਸ ਕਮਿਸ਼ਨ (ਪ੍ਰਾਈਵੇਟ ਯੂਨੀਵਰਸਿਟੀਆਂ ਵਿੱਚ ਮਿਆਰਾਂ ਦੀ ਸਥਾਪਨਾ ਅਤੇ ਰੱਖ-ਰਖਾਅ) ਨਿਯਮ, 2003, ਜਾਂ ਯੂਨੀਵਰਸਿਟੀ ਗ੍ਰਾਂਟਸ ਕਮਿਸ਼ਨ ਜਾਂ ਕਿਸੇ ਹੋਰ ਰੈਗੂਲੇਟਰੀ ਸੰਸਥਾਵਾਂ ਦੁਆਰਾ ਪ੍ਰਾਈਵੇਟ ਯੂਨੀਵਰਸਿਟੀਆਂ ਲਈ ਬਣਾਏ ਗਏ ਕਿਸੇ ਹੋਰ ਨਿਯਮਾਂ ਦੀ ਪਾਲਣਾ ਕਰਨਾ ਲਾਜ਼ਮੀ ਹੋਵੇਗਾ।<br>(3) ਰਾਜ ਸਰਕਾਰ, ਸਮੇਂ-ਸਮੇਂ 'ਤੇ, ਯੂਨੀਵਰਸਿਟੀ ਨੂੰ ਨੀਤੀਗਤ ਮਾਮਲਿਆਂ 'ਤੇ ਅਜਿਹੇ ਨਿਰਦੇਸ਼ ਜਾਰੀ ਕਰ ਸਕਦੀ ਹੈ ਜੋ ਇਸ ਐਕਟ ਦੇ ਉਪਬੰਧਾਂ ਨਾਲ ਮੇਲ ਨਾਖਾਂਦੇਹੋਣ, ਜਿਵੇਂ ਉਹ ਜ਼ਰੂਰੀ ਸਮਝੇ। ਯੂਨੀਵਰਸਿਟੀ ਅਜਿਹੇ ਨਿਰਦੇਸ਼ਾਂ ਦੀ ਪਾਲਣਾ ਕਰਨ ਲਈ ਪਾਬੰਦ ਹੋਵੇਗੀ। ਇਹਨਾਂ ਨਿਰਦੇਸ਼ਾਂ ਦੀ ਪਾਲਣਾ ਨਾ ਕਰਨ ਜਾਂ ਯੂਨੀਵਰਸਿਟੀ ਗ੍ਰਾਂਟਸ ਕਮਿਸ਼ਨ ਜਾਂ ਹੋਰ ਕਾਨੂੰਨੀ ਅਥਾਰਟੀਆਂ ਦੁਆਰਾ ਨਿਰਧਾਰਤ ਨਿਯਮਾਂ ਅਤੇ ਮਾਪਦੰਡਾਂ ਦੀ ਪਾਲਣਾ ਨਾ ਕਰਨ ਤੇ, ਰਾਜ ਸਰਕਾਰ ਯੂਨੀਵਰਸਿਟੀ ਨੂੰ ਸੁਣਵਾਈ ਦਾ ਮੌਕਾ ਪ੍ਰਦਾਨ ਕਰਨ ਤੋਂ ਬਾਅਦ, ਮਾਨਤਾ ਨੂੰ ਮੁਅੱਤਲ ਜਾਂ ਵਾਪਸ ਲੈਣ ਸਮੇਤ ਢੁਕਵੀਂ ਕਾਰਵਾਈ ਕਰ ਸਕਦੀ ਹੈ। | |
| ਜਨਰਲ ਫੰਡ। | 29. (1) ਯੂਨੀਵਰਸਿਟੀ ਕੋਲ ਇੱਕ ਜਨਰਲ ਫੰਡ ਹੋਵੇਗਾ ਜਿਸ ਵਿੱਚ ਹੇਠ ਲਿਖਿਆ ਜਮ੍ਹਾਂ ਕੀਤਾ ਜਾਵੇਗਾ, -<br>(a) ਯੂਨੀਵਰਸਿਟੀ ਦੁਆਰਾ ਪ੍ਰਾਪਤ ਫੀਸਾਂ ਅਤੇ ਹੋਰ ਖਰਚੇ;<br>(b) ਯੂਨੀਵਰਸਿਟੀ ਦੁਆਰਾ ਕੀਤੇ ਗਏ ਸਲਾਹ-ਮਸ਼ਵਰੇ ਅਤੇ ਹੋਰ ਕੰਮਾਂ ਤੋਂ ਪ੍ਰਾਪਤ ਕੋਈ ਵੀ ਆਮਦਨ; ਅਤੇ<br>(c) ਕਿਸੇ ਵੀ ਸਰਕਾਰੀ ਅਤੇ ਗੈਰ-ਸਰਕਾਰੀ ਫੰਡਿੰਗ ਏਜੰਸੀਆਂ ਤੋਂ ਖੋਜ ਪ੍ਰੋਜੈਕਟਾਂ ਲਈ ਯੂਨੀਵਰਸਿਟੀ ਦੁਆਰਾ ਕਿਸੇ ਵੀ ਸਰੋਤ ਤੋਂ ਪ੍ਰਾਪਤ ਫੰਡ ਅਤੇ ਗ੍ਰਾਂਟ। | |

| | | |
|---|---|---|
| | (2) ਜਨਰਲ ਫੰਡ ਦੀ ਵਰਤੋਂ ਹੇਠ ਲਿਖੇ ਉਦੇਸ਼ਾਂ ਲਈ ਕੀਤੀ ਜਾਵੇਗੀ, ਅਰਥਾਤ: -<br>(a) ਯੂਨੀਵਰਸਿਟੀ ਦੁਆਰਾ ਲਏ ਗਏ ਵਿਆਜ ਖਰਚਿਆਂ ਸਮੇਤ, ਕਰਜ਼ਿਆਂ ਦੀ ਅਦਾਇਗੀ ਲਈ;<br>(b) ਯੂਨੀਵਰਸਿਟੀ ਦੀਆਂ ਜਾਇਦਾਦਾਂ ਦੀ ਸੰਭਾਲ ਲਈ;<br>(c) ਫੰਡ ਦੇ ਆਡਿਟ ਦੀ ਲਾਗਤ ਦੇ ਭੁਗਤਾਨ ਲਈ;<br>(d) ਕਿਸੇ ਵੀ ਮੁਕੱਦਮੇ ਜਾਂ ਕਾਰਵਾਈ ਦੇ ਖਰਚਿਆਂ ਨੂੰ ਪੂਰਾ ਕਰਨ ਲਈ;<br>(e) ਯੂਨੀਵਰਸਿਟੀ ਦੇ ਅਧਿਕਾਰੀਆਂ ਅਤੇ ਕਰਮਚਾਰੀਆਂ ਦੀਆਂ ਤਨਖਾਹਾਂ ਅਤੇ ਭੱਤਿਆਂ ਦੀ ਅਦਾਇਗੀ ਲਈ ਅਤੇ ਅਜਿਹੇ ਕਿਸੇ ਵੀ ਅਧਿਕਾਰੀ ਅਤੇ ਕਰਮਚਾਰੀ ਨੂੰ ਕਿਸੇ ਵੀ ਲਾਭ ਦੀ ਅਦਾਇਗੀ ਲਈ;<br>(f) ਯੂਨੀਵਰਸਿਟੀ ਦੇ ਅਧਿਕਾਰੀਆਂ, ਕਮੇਟੀ ਜਾਂ ਬੋਰਡ ਦੇ ਮੈਂਬਰਾਂ ਦੇ ਯਾਤਰਾ ਅਤੇ ਹੋਰ ਭੱਤਿਆਂ ਦੀ ਅਦਾਇਗੀ ਲਈ;<br>(g) ਸਮਾਜ ਦੇ ਆਰਥਿਕ ਤੌਰ 'ਤੇ ਕਮਜ਼ੋਰ ਵਰਗਾਂ ਨਾਲ ਸਬੰਧਿਤ ਵਿਦਿਆਰਥੀਆਂ ਨੂੰ, ਜਾਂ ਜਿਵੇਂ ਮਾਮਲਾ ਹੋਵੇ, ਰਿਸਰਚ ਅਸੋਸੀਏਟਸ ਜਾਂ ਟ੍ਰੇਨੀਜ਼ ਨੂੰ, ਫੈਲੋਸ਼ਿਪਾਂ, ਸਕਾਲਰਸ਼ਿਪਾਂ, ਅਸਿਸਟੈਂਸਸ਼ਿਪਾਂ ਅਤੇ ਹੋਰ ਕਿਸੇ ਵੀ ਪ੍ਰਕਾਰ ਦੇ ਇਨਾਮਾਂ ਦੀ ਅਦਾਇਗੀ ਕਰਨ ਲਈ, ਜਾਂ ਕਿਸੇ ਵੀ ਐਸੇ ਵਿਦਿਆਰਥੀ ਨੂੰ ਜੋ ਇਸ ਤਰ੍ਹਾਂ ਦੇ ਇਨਾਮਾਂ ਲਈ ਯੋਗ ਹੋਵੇ;<br>(h) ਯੂਨੀਵਰਸਿਟੀ ਦੁਆਰਾ ਕੀਤੇ ਗਏ ਕਿਸੇ ਵੀ ਖਰਚੇ ਦੀ ਅਦਾਇਗੀ ਲਈ;<br>(i) ਯੂਨੀਵਰਸਿਟੀ ਦੇ ਉਦੇਸ਼ ਲਈ ਜ਼ਮੀਨ ਪ੍ਰਾਪਤ ਕਰਨ ਜਾਂ ਕਿਸੇ ਵੀ ਕਿਸਮ ਦੇ ਵਿਕਾਸ ਕਾਰਜ ਜਾਂ ਇਸੇ ਤਰ੍ਹਾਂ ਦੀਆਂ ਗਤੀਵਿਧੀਆਂ ਲਈ;<br>(j) ਯੂਨੀਵਰਸਿਟੀ ਦੀ ਸਥਾਪਨਾ ਅਤੇ ਸੰਚਾਲਨ ਲਈ ਸੋਸਾਇਟੀ ਦੁਆਰਾ ਲਏ ਗਏ ਕਰਜ਼ਿਆਂ ਦੀ ਪੂੰਜੀ ਲਾਗਤ ਅਤੇ ਅਦਾਇਗੀ ਅਤੇ ਇਸ ਲਈ ਕੀਤੇ ਗਏ ਨਿਵੇਸ਼ ਦੇ ਭੁਗਤਾਨ ਲਈ;<br>(k) ਯੂਨੀਵਰਸਿਟੀ ਦੁਆਰਾ ਕੀਤੇ ਗਏ ਸਲਾਹ-ਮਸ਼ਵਰੇ ਨਾਲ ਸਬੰਧਤ ਖਰਚਿਆਂ ਅਤੇ ਖਰਚਿਆਂ ਦੀ ਅਦਾਇਗੀ ਲਈ; ਅਤੇ<br>(l) ਯੂਨੀਵਰਸਿਟੀ ਲਈ ਜਾਂ ਉਸ ਵੱਲੋਂ ਸੋਸਾਇਟੀ ਦੁਆਰਾ ਕਿਸੇ ਵੀ ਖਰਚੇ, ਤਨਖਾਹਾਂ, ਟੈਕਸਾਂ, ਦੇਣਦਾਰੀਆਂ ਦੀ ਅਦਾਇਗੀ ਲਈ। | |
| ਸਾਲਾਨਾ ਰਿਪੋਰਟ | 30. ਯੂਨੀਵਰਸਿਟੀ ਦੀ ਆਮਦਨ ਅਤੇ ਖਰਚ ਦੇ ਖਾਤਿਆਂ ਦਾ ਆਡਿਟ ਯੂਨੀਵਰਸਿਟੀ ਦੇ ਚਾਰਟਰਡ ਅਕਾਊਂਟੈਂਟ ਦੁਆਰਾ ਕੀਤੀ ਜਾਵੇਗੀ, ਅਤੇ ਉਸਨੂੰ ਮੁੱਖ ਵਿੱਤ ਅਤੇ ਲੇਖਾ ਅਧਿਕਾਰੀ ਦੁਆਰਾ ਸਾਲ ਵਿੱਚ ਇੱਕ ਵਾਰ ਗਵਰਨਿੰਗ ਬਾਡੀ ਨੂੰ ਪ੍ਰਵਾਨਗੀ ਲਈ ਪੇਸ਼ ਕੀਤਾ ਜਾਵੇਗਾ। | |
| ਪ੍ਰੀਖਿਆਵਾਂ। | 31. ਯੂਨੀਵਰਸਿਟੀ, ਹਰੇਕ ਅਕਾਦਮਿਕ ਸੈਸ਼ਨ ਦੇ ਸ਼ੁਰੂ ਵਿੱਚ, ਪ੍ਰੰਤੂ ਇੱਕ ਕੈਲੰਡਰ ਸਾਲ ਵਿੱਚ 30 ਅਗਸਤ ਤੋਂ ਬਾਅਦ ਨਹੀਂ, ਯੂਨੀਵਰਸਿਟੀ ਦੁਆਰਾ ਕਰਵਾਈਆਂ ਜਾਣ ਵਾਲੀਆਂ ਵੱਖ-ਵੱਖ ਅਕਾਦਮਿਕ ਗਤੀਵਿਧੀਆਂ ਸਮੇਤ, ਸਮੈਸਟਰ-ਵਾਰ ਜਾਂ ਸਾਲਾਨਾ, ਜਿਵੇਂ ਦਾਵੀ ਮਾਮਲਾ ਹੋਵੇ, ਪ੍ਰੀਖਿਆਵਾਂ ਦਾ ਇੱਕ ਅਸਥਾਈ ਸ਼ਡਿਊਲ ਤਿਆਰ ਅਤੇ ਪ੍ਰਕਾਸ਼ਿਤ ਕਰੇਗੀ।<br>ਵਿਆਖਿਆ- 'ਪ੍ਰੀਖਿਆਵਾਂ ਦੀ ਸਮਾਂ-ਸਾਰਣੀ' ਤੋਂ ਭਾਵ ਹਰੇਕ ਪੇਪਰ ਦੇ ਸ਼ੁਰੂ ਹੋਣ ਸਮੇਂ, ਦਿਨ ਅਤੇ ਮਿਤੀ ਬਾਰੇ ਵੇਰਵੇ ਦੇਣ ਵਾਲੀ ਸਮਾਂ ਸਾਰਣੀ ਤੋਂ ਹੈ, ਜੋ ਪ੍ਰੀਖਿਆ ਯੋਜਨਾ ਦਾ ਹਿੱਸਾ ਹੈ, ਜਿਸ ਵਿੱਚ ਪ੍ਰੈਕਟੀਕਲ ਪ੍ਰੀਖਿਆਵਾਂ ਅਤੇ ਮੌਖਿਕ ਪ੍ਰੀਖਿਆ, ਜੇਕਰ ਕੋਈ ਹੋਵੇ, ਦਾ ਵੇਰਵਾ ਵੀ ਸ਼ਾਮਲ ਹੈ। | |
| ਨਤੀਜਿਆਂ ਦੀ ਘੋਸ਼ਣਾ। | 32. (1) ਯੂਨੀਵਰਸਿਟੀ ਆਪਣੇ ਦੁਆਰਾ ਲਈਆਂ ਗਈਆਂ ਪ੍ਰੀਖਿਆਵਾਂ ਦੇ ਨਤੀਜਿਆਂ ਨੂੰ ਕਿਸੇ ਖਾਸ ਕੋਰਸ ਦੀ ਪ੍ਰੀਖਿਆ ਦੀ ਆਖਰੀ ਮਿਤੀ ਤੋਂ ਪੈਂਤਾਲੀ ਦਿਨਾਂ ਦੀ ਮਿਆਦ ਅੰਦਰ ਘੋਸ਼ਿਤ ਕਰਨ ਦੀ ਕੋਸ਼ਿਸ਼ ਕਰੇਗੀ, ਪ੍ਰੰਤੂ ਕਿਸੇ ਵੀ ਹਾਲਤ ਵਿੱਚ ਉਕਤ ਮਿਤੀ ਤੋਂ ਸੱਠ ਦਿਨਾਂ ਤੋਂ ਬਾਅਦ ਨਹੀਂ।<br>(2)ਕੋਈ ਵੀ ਪ੍ਰੀਖਿਆ ਜਾਂ ਪ੍ਰੀਖਿਆ ਦਾ ਨਤੀਜਾ ਸਿਰਫ਼ ਇਸ ਕਾਰਨ ਕਰਕੇ ਅਵੈਧ ਨਹੀਂ ਮੰਨਿਆ ਜਾਵੇਗਾ ਕਿ ਯੂਨੀਵਰਸਿਟੀ ਨੇ ਪ੍ਰੀਖਿਆਵਾਂ ਦੀ ਸਮਾਂ-ਸਾਰਣੀ ਦੀ ਪਾਲਣਾ ਨਹੀਂ ਕੀਤੀ ਹੈ। | |

| | |
|---|---|
| ਕਨਵੋਕੇਸ਼ਨ | 33. ਯੂਨੀਵਰਸਿਟੀ ਦਾ ਕਨਵੋਕੇਸ਼ਨ ਹਰ ਅਕਾਦਮਿਕ ਸਾਲ ਵਿੱਚ ਡਿਗਰੀਆਂ, ਡਿਪਲੋਮੇ, ਸਰਟੀਫਿਕੇਟ ਜਾਂ ਕੋਈ ਹੋਰ ਅਕਾਦਮਿਕ ਵਿਸ਼ੇਸ਼ਤਾ ਪ੍ਰਦਾਨ ਕਰਨ ਲਈ ਜਾਂ ਕਿਸੇ ਹੋਰ ਉਦੇਸ਼ ਲਈ, ਉਸ ਤਰੀਕੇ ਨਾਲ ਆਯੋਜਿਤ ਕੀਤਾ ਜਾਵੇਗਾ, ਜਿਵੇਂ ਨਿਰਧਾਰਤ ਕੀਤਾ ਜਾਵੇ। |
| ਅਧਿਕਾਰੀਆਂ ਅਤੇ ਸੰਸਥਾਵਾਂ ਸੰਬੰਧੀ ਵਿਵਾਦ | 34. ਜੇਕਰ ਯੂਨੀਵਰਸਿਟੀ ਦੀ ਕਿਸੇ ਅਥਾਰਟੀ ਜਾਂ ਹੋਰ ਸੰਸਥਾ ਦੇ ਮੈਂਬਰ ਬਣਨ ਲਈ ਕਿਸੇ ਵਿਅਕਤੀ ਦੀ ਨਿਯੁਕਤੀ ਜਾਂ ਹੱਕਦਾਰੀ ਦੇ ਸਬੰਧ ਵਿੱਚ ਕੋਈ ਸਵਾਲ ਪੈਦਾ ਹੁੰਦਾ ਹੈ, ਤਾਂ ਇਸ ਨੂੰ ਚਾਂਸਲਰ ਕੋਲ ਭੇਜਿਆ ਜਾਵੇਗਾ, ਜਿਸ ਦਾ ਫੈਸਲਾ ਅੰਤਿਮ ਅਤੇ ਮੰਨਣਯੋਗ ਹੋਵੇਗਾ। |
| ਮੁਸ਼ਕਲਾਂ ਨੂੰ ਦੂਰ ਕਰਨ ਦੀ ਸ਼ਕਤੀ | 35. ਜੇਕਰ ਇਸ ਐਕਟ ਦੇ ਕਿਸੇ ਵੀ ਉਪਬੰਧ ਨੂੰ ਲਾਗੂ ਕਰਨ ਵਿੱਚ ਕੋਈ ਮੁਸ਼ਕਲ ਪੈਦਾ ਹੁੰਦੀ ਹੈ, ਤਾਂ ਰਾਜ ਸਰਕਾਰ, ਚਾਂਸਲਰ ਨਾਲ ਸਲਾਹ-ਮਸ਼ਵਰਾ ਕਰਕੇ, ਸਰਕਾਰੀ ਗਜ਼ਟ ਵਿੱਚ ਪ੍ਰਕਾਸ਼ਿਤ ਇੱਕ ਹੁਕਮ ਰਾਹੀਂ, ਅਜਿਹਾ ਉਪਬੰਧ ਕਰ ਸਕਦੀ ਹੈ, ਜੋ ਇਸ ਐਕਟ ਦੇ ਉਪਬੰਧਾਂ ਦੇ ਵਿਰੁੱਧ ਨਾ ਹੋਵੇ, ਜਿਵੇਂ ਵੀ ਉਹ ਅਜਿਹੀ ਮੁਸ਼ਕਲ ਨੂੰ ਦੂਰ ਕਰਨ ਲਈ ਉਚਿਤ ਸਮਝ ਦੀ ਹੋਵੇ:<br>ਪਰੰਤੂ ਇਸ ਐਕਟ ਦੇ ਲਾਗੂ ਹੋਣ ਦੀ ਮਿਤੀ ਤੋਂ ਦੋ ਸਾਲ ਦੀ ਮਿਆਦ ਖਤਮ ਹੋਣ ਤੋਂ ਬਾਅਦ ਇਸ ਧਾਰਾ ਅਧੀਨ ਅਜਿਹਾ ਕੋਈ ਹੁਕਮ ਜਾਰੀ ਨਹੀਂ ਕੀਤਾ ਜਾਵੇਗਾ। |
| ਨੇਕਨੀਅਤੀ ਨਾਲ ਕੀਤੀ ਗਈ ਕਾਰਵਾਈ ਦੀ ਸੁਰੱਖਿਆ | 36. ਇਸ ਐਕਟ, ਕਾਨੂੰਨਾ, ਆਰਡੀਨੈਂਸਾਂ ਜਾਂ ਨਿਯਮਾਂ ਦੇ ਉਪਬੰਧਾਂ ਦੀ ਪਾਲਣਾ ਵਿੱਚ ਕੀਤੇ ਜਾਣ ਦੇ ਇਰਾਦੇ ਜਾਂ ਨੇਕ ਨੀਅਤ ਨਾਲ ਕੀਤੇ ਗਏ ਕਿਸੇ ਵੀ ਕੰਮ ਲਈ ਯੂਨੀਵਰਸਿਟੀ ਦੇ ਕਿਸੇ ਵੀ ਅਧਿਕਾਰੀ ਜਾਂ ਕਰਮਚਾਰੀ ਦੇ ਵਿਰੁੱਧ ਕੋਈ ਵੀ ਮੁਕੱਦਮਾ ਜਾਂ ਹੋਰ ਕਾਨੂੰਨੀ ਕਾਰਵਾਈ ਨਹੀਂ ਕੀਤੀ ਜਾਵੇਗੀ। |
| ਅਸਥਾਈ ਸ਼ਕਤੀਆਂ | 37. ਇਸ ਐਕਟ, ਇਸ ਅਧੀਨ ਬਣੇ ਕਾਨੂੰਨ, ਆਰਡੀਨੈਂਸਾਂ ਜਾਂ ਨਿਯਮਾਂ ਵਿੱਚ ਕੁਝ ਵੀ ਹੋਣ ਦੇ ਬਾਵਜੂਦ, ਸੋਸਾਇਟੀ, ਫੰਡਾਂ ਦੀ ਉਪਲਬਧਤਾ ਦੇ ਅਧੀਨ, ਇਸ ਐਕਟ ਦੇ ਉਪਬੰਧਾਂ, ਕਾਨੂੰਨਾਂ, ਆਰਡੀਨੈਂਸਾਂ ਅਤੇ ਨਿਯਮਾਂ ਨੂੰ ਲਾਗੂ ਕਰਨ ਦੇ ਉਦੇਸ਼ ਲਈ ਯੂਨੀਵਰਸਿਟੀ ਦੇ ਸਾਰੇ ਜਾਂ ਕਿਸੇ ਵੀ ਕਾਰਜਾਂ ਨੂੰ ਨਿਭਾ ਸਕਦੀ ਹੈ। ਇਸ ਉਦੇਸ਼ ਲਈ, ਸੋਸਾਇਟੀ ਉਹ ਅਧਿਕਾਰ ਵਰਤ ਸਕਦੀ ਹੈ ਅਤੇ ਉਹ ਫਰਜ ਅਦਾ ਕਰ ਸਕਦੀ ਹੈ, ਜੋ ਇਸ ਐਕਟ ਜਾਂ ਇਸ ਅਧੀਨ ਬਣੇ ਕਾਨੂੰਨਾਂ, ਆਰਡੀਨੈਂਸਾ ਅਤੇ ਨਿਯਮਾਂ ਅਨੁਸਾਰ ਯੂਨੀਵਰਸਿਟੀ ਦੀ ਕਿਸੇ ਵੀ ਅਥਾਰਟੀ ਜਾਂ ਅਧਿਕਾਰੀ ਵੱਲੋਂ ਵਰਤੇ ਜਾਂ ਨਿਭਾਏ ਜਾਣੇ ਹਨ, ਜਦ ਤੱਕ ਅਜਿਹੀ ਅਥਾਰਟੀ ਅਸਤਿਤਵ ਵਿੱਚ ਨਹੀਂ ਆ ਜਾਂਦੀ ਜਾਂ ਅਜਿਹਾ ਅਧਿਕਾਰੀ ਨਿਯੁਕਤ ਨਹੀਂ ਹੋ ਜਾਂਦਾ। |

# ਉਦੇਸ਼ਾਂ ਅਤੇ ਕਾਰਨਾਂ ਦੀ ਵਿਆਖਿਆ

"ਜਿਵੇਂ ਕਿ ਪੰਜਾਬ ਪ੍ਰਾਈਵੇਟ ਯੂਨੀਵਰਸਿਟੀਆਂ ਨੀਤੀ-2010 ਉਚੇਰੀ ਸਿੱਖਿਆ ਤੱਕ ਵਧੇਰੇ ਪਹੁੰਚ ਪ੍ਰਦਾਨ ਕਰਨ ਅਤੇ ਗੁਣਵੱਤਾ ਨੂੰ ਯਕੀਨੀ ਬਣਾਉਣ ਲਈ ਤਿਆਰ ਕੀਤੀ ਗਈ ਹੈ, ਪੰਜਾਬ ਸਰਕਾਰ ਰਾਜ ਦੀਆਂ ਯੂਨੀਵਰਸਿਟੀਆਂ ਦੇ ਯਤਨਾਂ ਨੂੰ ਪੂਰਕ ਬਣਾਉਣ ਲਈ ਸਵੈ-ਵਿੱਤਪੋਸ਼ਿਤ ਨਿੱਜੀ ਯੂਨੀਵਰਸਿਟੀਆਂ ਦੀ ਸਥਾਪਨਾ ਕਰਨ ਦੀ ਆਗਿਆ ਦੇਣਾ ਚਾਹੁੰਦੀ ਹੈ। ।"ਰਿਆਤ ਬਾਹਰਾ ਪ੍ਰੋਫੈਸ਼ਨਲ ਯੂਨੀਵਰਸਿਟੀ, ਹੁਸ਼ਿਆਰਪੁਰ ਦਾ ਉਦੇਸ਼ ਉੱਤਮਤਾ ਪ੍ਰਾਪਤ ਕਰਨ ਲਈ ਹਰ ਪੱਧਰ 'ਤੇ ਵਿਆਪਕ ਸਿੱਖਿਆ ਪ੍ਰਦਾਨ ਕਰਨਾ ਹੈ ਅਤੇ ਇੰਜੀਨੀਅਰਿੰਗ, ਮੈਡੀਕਲ, ਪੈਰਾਮੈਡੀਕਲ, ਵਿਗਿਆਨ, ਸਮਾਜਿਕ ਵਿਗਿਆਨ, ਜੀਵਨ ਵਿਗਿਆਨ, ਮਨੁੱਖਤਾ, ਲਿਬਰਲ ਆਰਟਸ, ਪ੍ਰਬੰਧਨ, ਈ-ਲਰਨਿੰਗ ਅਤੇ ਆਨਲਾਈਨ ਸਿੱਖਿਆ ਅਤੇ ਸਿਖਲਾਈ ਆਦਿ ਦੇ ਖੇਤਰਾਂ ਵਿੱਚ ਖੋਜ ਅਤੇ ਅਧਿਆਪਨ ਨੂੰ ਉਤਸ਼ਾਹਿਤ ਕਰਨਾ ਹੈ।"

2. ਕਿਉਂ ਜੋ ਅਜਿਹੀਆਂ ਨਿੱਜੀ ਸਵੈ-ਵਿੱਤ ਯੂਨੀਵਰਸਿਟੀਆਂ ਦੀ ਸਥਾਪਨਾ ਲਈ ਅਕਾਦਮਿਕ ਮਿਆਰਾਂ ਨੂੰ ਯਕੀਨੀ ਬਣਾਉਣ, ਵਪਾਰੀਕਰਨ ਅਤੇ ਕੁਪ੍ਰਬੰਧਨ ਨੂੰ ਰੋਕਣ ਆਦਿ ਲਈ ਇਕਸਾਰਤਾ ਵਾਲੇ ਵਿਆਪਕ ਦਿਸ਼ਾ-ਨਿਰਦੇਸ਼ਾਂ ਦੀ ਲੋੜ ਹੁੰਦੀ ਹੈ, ਇਸ ਲਈ, "ਰਿਆਤ ਬਾਹਰਾ ਪ੍ਰੋਫੈਸ਼ਨਲ ਯੂਨੀਵਰਸਿਟੀ, ਹੁਸ਼ਿਆਰਪੁਰ ਐਕਟ, 2025" ਨੂੰ ਲਾਗੂ ਕਰਨ ਲਈ ਉਪਬੰਧ ਕਰਨਾ ਉਚਿਤ ਜਾਪਦਾ ਹੈ।

-ਸਹੀ-

(ਹਰਜੋਤ ਸਿੰਘ ਬੈਂਸ)

ਉਚੇਰੀ ਸਿੱਖਿਆ ਅਤੇ ਭਾਸ਼ਾਵਾਂ ਮੰਤਰੀ, ਪੰਜਾਬ

ਸੌਂਪੇ ਗਏ ਵਿਧਾਨ ਸੰਬੰਧੀ ਮੈਮੋਰੰਡਮ

"ਰਿਆਤ ਬਾਹਰਾ ਪ੍ਰੋਫੈਸ਼ਨਲ ਯੂਨੀਵਰਸਿਟੀ, ਹੁਸ਼ਿਆਰਪੁਰ ਬਿੱਲ-2025" ਦੀ ਧਾਰਾ 25, 26 ਅਤੇ 27 ਉਕਤ ਯੂਨੀਵਰਸਿਟੀ ਦੇ ਵੱਖ-ਵੱਖ ਅਧਿਕਾਰੀਆਂ ਨੂੰ ਐਕਟ ਦੇ ਉਦੇਸ਼ਾਂ ਨੂੰ ਪੂਰਾ ਕਰਨ ਲਈ ਕ੍ਰਮਵਾਰ ਕਾਨੂੰਨ, ਆਰਡੀਨੈਂਸ ਅਤੇ ਵਿਨਿਯਮ ਬਣਾਉਣ ਦਾ ਅਧਿਕਾਰ ਦਿੰਦੀ ਹੈ। ਮੰਗੀਆਂ ਗਈਆਂ ਸ਼ਕਤੀਆਂ ਐਕਟ ਦੇ ਉਪਬੰਧਾਂ ਨੂੰ ਸਹੀ ਢੰਗ ਨਾਲ ਲਾਗੂ ਕਰਨ ਲਈ ਜ਼ਰੂਰੀ ਹਨ ਅਤੇ ਪ੍ਰਕ੍ਰਿਤੀ ਵਿੱਚ ਆਮ ਹਨ।

-ਸਹੀ-

(ਹਰਜੋਤ ਸਿੰਘ ਬੈਂਸ)

ਉਚੇਰੀ ਸਿੱਖਿਆ ਅਤੇ ਭਾਸ਼ਾਵਾਂ ਮੰਤਰੀ, ਪੰਜਾਬ

## ਵਿੱਤੀ ਮੈਮੋਰੰਡਮ

ਪੰਜਾਬ ਰਾਜ ਵਿੱਚ ਪਿੰਡ ਬੋਹਣ, ਹੁਸ਼ਿਆਰਪੁਰ ਵਿਖੇ ਰਿਆਤ ਬਾਹਰਾ ਪ੍ਰੋਫੈਸ਼ਨਲ ਯੂਨੀਵਰਸਿਟੀ, ਹੁਸ਼ਿਆਰਪੁਰ ਬਣਾਉਣ ਲਈ ਕੋਈ ਵਿੱਤੀ ਪ੍ਰਭਾਵ ਨਹੀਂ ਹੈ, ਕਿਉਂਕਿ ਸਾਰੀਆਂ ਵਿੱਤੀ ਕਾਰਵਾਈਆਂ ਸੋਸਾਇਟੀ ਦੁਆਰਾ ਲਾਗੂ ਕੀਤੀਆਂ ਜਾਣੀਆਂ ਹਨ, ਜੋ ਕਿ ਇੱਕ ਸਵੈ-ਵਿੱਤ ਸੋਸਾਇਟੀ ਹੈ।"ਰਿਆਤ ਬਾਹਰਾ ਪ੍ਰੋਫੈਸ਼ਨਲ ਯੂਨੀਵਰਸਿਟੀ, ਹੁਸ਼ਿਆਰਪੁਰ ਬਿੱਲ-2025" ਵਿੱਚ ਅਜਿਹਾ ਕੋਈ ਉਪਬੰਧ ਨਹੀਂ ਹੈ, ਜੋ ਪੰਜਾਬ ਰਾਜ ਬਜਟ ਤੋਂ ਕੋਈ ਵਿੱਤੀ ਸਹਾਇਤਾ ਪ੍ਰਦਾਨ ਕਰਦਾ ਹੋਵੇ।

-ਸਹੀ-

(ਹਰਜੋਤ ਸਿੰਘ ਬੈਂਸ)

ਉਚੇਰੀ ਸਿੱਖਿਆ ਅਤੇ ਭਾਸ਼ਾਵਾਂ ਮੰਤਰੀ, ਪੰਜਾਬ